# ਰੁੱਖਾਂ ਨਾਲ ਦੋਸਤੀ

## ਰੁੱਖਾਂ ਬਾਰੇ ਵੰਨ-ਸਵੰਨੇ
## ਜਾਣਕਾਰੀ ਭਰਪੂਰ ਲੇਖ



ਮਨਮੋਹਨ ਸਿੰਘ ਦਾਊਂ

# ਰੁੱਖਾਂ ਨਾਲ ਦੋਸਤੀ

ਰੁੱਖਾਂ ਬਾਰੇ ਵੰਨ-ਸਵੰਨੇ
ਜਾਣਕਾਰੀ ਭਰਪੂਰ ਲੇਖ

## ਲੇਖਕ ਦੀਆਂ ਹੋਰ ਬਾਲ ਸਾਹਿਤ ਰਚਨਾਵਾਂ :

1. ਕਿਰਲੀ ਤੇ ਤਿਤਲੀ (ਬਾਲ ਕਹਾਣੀਆਂ)- ਇਨਾਮ ਜੇਤੂ
2. ਬੋਲਾਂ ਦੇ ਖੰਭ (ਬਾਲ ਕਹਾਣੀਆਂ)
3. ਤਿੰਨ ਸੁਪਨੇ (ਬਾਲ ਕਹਾਣੀਆਂ)
4. ਪੰਛੀਆਂ ਦੇ ਗੀਤ (ਬਾਲ-ਕਵਿਤਾਵਾਂ)
5. ਫਲਾਂ ਦੀ ਟੋਕਰੀ (ਨਰਸਰੀ-ਗੀਤ)
6. ਚਾਨਣ ਦੀ ਟਹਿਣੀ (ਬਾਲ-ਗੀਤ)- ਇਨਾਮ ਜੇਤੂ
7. ਧਰਤੀ ਦੇ ਰੰਗ (ਕਾਵਿ-ਰਚਨਾ)
8. ਫੁੱਲਾਂ ਵਾਲਾ ਘਰ (ਬਾਲ-ਕਵਿਤਾਵਾਂ)- ਇਨਾਮ ਜੇਤੂ
9. ਮੇਰਾ ਦੀਵਾ (ਬਾਲ-ਗੀਤ)- ਇਨਾਮ ਜੇਤੂ
10. ਰੁੱਖਾਂ ਦਾ ਖ਼ਜ਼ਾਨਾ (ਕਾਵਿ-ਰਚਨਾ)
11. ਅਜ਼ਾਦੀ ਦੀ ਵਾਰ (ਕਾਵਿ-ਰਚਨਾ)
12. ਪੀਂਘ ਹੁਲਾਰੇ (ਨਰਸਰੀ-ਗੀਤ)
13. ਸੋਨ ਸਵੇਰਾ (ਬਾਲ-ਕਵਿਤਾਵਾਂ)
14. ਫੁੱਲਾਂ ਦਾ ਪੰਘੂੜਾ (ਬਾਲ-ਕਵਿਤਾਵਾਂ)
15. ਗਾਥਾ ਗੜ੍ਹੀ ਚਮਕੌਰ (ਕਾਵਿ-ਰਚਨਾ)
16. ਗੀਤਾਂ ਦੇ ਘੁੰਗਰੂ (ਬਾਲ-ਕਵਿਤਾਵਾਂ)
17. ਸੁਪਨਿਆਂ ਵਾਲਾ ਬਚਪਨ (ਬਾਲ-ਕਵਿਤਾਵਾਂ)
18. ਵਿੱਦਿਆ ਦਾ ਗਹਿਣਾ (ਬਾਲ-ਕਵਿਤਾਵਾਂ)
19. ਸਬਰ ਦਾ ਫ਼ਲ ਮਿੱਠਾ (ਕਹਾਣੀ)
20. ਸਭਿਆਚਾਰਕ ਮੁਹਾਂਦਰੇ (ਲੇਖ-ਸੰਗ੍ਰਹਿ)- ਇਨਾਮ ਜੇਤੂ
21. ਸ਼ੁੱਧ ਹਵਾ ਦੀ ਲੋੜ
22. ਚਾਚਾ ਨਹਿਰੂ (ਜੀਵਨੀ)
23. ਅਹਿੰਸਾ ਦਾ ਪੁਜਾਰੀ (ਜੀਵਨੀ)
24. ਬਾਲ-ਝਰੋਖਾ (ਜੀਵਨ-ਯਾਦਾਂ)- ਇਨਾਮ ਜੇਤੂ
25. ਲੋਕ ਰਾਂਗਲਾ-ਪਿੱਪਲ (ਕਾਵਿ-ਰਚਨਾ)
26. ਰੁੱਖਾਂ ਦੇ ਮੈਂ ਗਾਵਾਂ ਗੀਤ
27. ਨਵੀਆਂ ਸਭਿਆਚਾਰਕ ਬੋਲੀਆਂ
28. ਚਾਨਣ ਦਾ ਥਾਲ (ਬਾਲ-ਕਵਿਤਾਵਾਂ)

# ਰੁੱਖਾਂ ਨਾਲ ਦੋਸਤੀ

ਰੁੱਖਾਂ ਬਾਰੇ ਵੰਨ-ਸਵੰਨੇ
ਜਾਣਕਾਰੀ ਭਰਪੂਰ ਲੇਖ

ਮਨਮੋਹਨ ਸਿੰਘ ਦਾਊਂ

International Publishers
of Indian and Foreign Languages

*Symbiotic relationship of trees and human being/Punjabi Prose/Ecology/
Essays for children on trees and their place in nature and life*

ISBN : 978-93-5068-119-0
Price : 95/-

**Rukhan Naal Dosti**

*By*

**Manmohan Singh Daon**
# 280 Phase: 6 S.A.S. Nagar
(Mohali) PB.160055
Mobile. 098151-23900

ਚਿੱਤਰਕਾਰ: ਗੁਰਦੀਪ ਸਿੰਘ ਦੀਪ

2012
Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan Ludhiana,
98154-71219
Type Setting & Design PCIS
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)

*©, 2012. Author*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਆਪਣੇ ਪਿੰਡ ਦਾਊਂ ਦੇ ਉਨ੍ਹਾਂ ਰੁੱਖਾਂ ਨੂੰ ਚੇਤੇ ਕਰਦਿਆਂ
ਜਿੱਥੇ ਮੇਰਾ ਬਚਪਨ ਬੀਤਿਆ।

# ਸੂਚੀ ਪੱਤਰ

## ਭਾਗ ਪਹਿਲਾ


1. ਰੂਹਾਂ ਬੋਲਣ ਰੁੱਖਾਂ ਦੀਆਂ 8
2. ਘੁੰਗਰੂਆਂ ਵਾਲੀ ਲਾਠੀ 11
3. ਰੁੱਖਾਂ ਨੂੰ ਗਲਵਕੜੀ 13
4. ਰੁੱਖਾਂ ਦਾ ਰਾਖਾ: ਡਾ. ਯਾਮਾਨੋ 16
5. ਰੁੱਖ 'ਚੋਂ ਲਹੂ ਸਿੰਮਿਆ 19
6. ਵੀਅਤਨਾਮੀ ਜੀਵਨ-ਸ਼ੈਲੀ 'ਚ ਬਾਂਸ 21
7. ਰੁੱਖ ਉੱਗਣ ਦੀ ਚੀਨੀ ਗਾਥਾ 23
8. ਰੁੱਖਾਂ ਬਾਰੇ ਕੁਝ ਰੌਚਿਕ ਗੱਲਾਂ 25


## ਭਾਗ ਦੂਜਾ


9. ਪਿੱਪਲ ਦੀ ਛਾਂ ਦਾ ਵਿਗੋਚਾ 28
10. ਮਾਂ ਅਤੇ ਸੁਹਾਂਜਣਾ 33
11. ਸਰੀਂਹ ਅਤੇ ਬਚਪਨ ਯਾਦਾਂ 37
12. ਬਿਰਖ਼ਾਂ ਦੀ ਮਹਿਮਾ 40
13. ਰੁੱਖਾਂ ਰਾਹੀਂ ਪ੍ਰਕਿਰਤੀ ਦਰਸ਼ਨ 44

# ਭਾਗ ਪਹਿਲਾ

ਰੁੱਖਾਂ ਦੀ ਲੀਲ੍ਹਾ ਹੈਰਾਨ ਕਰ ਦੇਣ ਵਾਲੇ
ਅਜੂਬਿਆਂ ਨਾਲ ਭਰੀ ਪਈ ਹੈ।
ਆਓ, ਇਨ੍ਹਾਂ ਨਾਲ ਦੋਸਤੀ ਪਾਈਏ।
ਇਹ ਸਾਡੇ ਜੀਵਨ ਦਾਤੇ ਹਨ।

## ਅਰਜੋਈ

ਧਰਤੀ ਸਾਡੀ ਸਭ ਦੀ ਮਾਂ,
ਇਸ 'ਤੇ ਰਹੇ ਰੁੱਖਾਂ ਦੀ ਛਾਂ।

ਰਿਸ਼ੀਆਂ ਵਰਗੇ ਰੁੱਖ ਬਚਾਈਏ,
ਭਗਤੀ ਵਰਗਾ ਕਰਮ ਕਮਾਈਏ।

ਰੁੱਖਾਂ ਦੀ ਕੁਰਬਾਨੀ ਭਾਰੀ,
ਰੁੱਖਾਂ ਦੀ ਮਹਿਮਾ ਬਲਿਹਾਰੀ।

ਰੁੱਖਾਂ ਦਾ ਕਿੰਜ ਕਰਜ਼ ਲਹਾਈਏ,
ਰਲ-ਮਿਲ ਸਾਰੇ ਰੁੱਖ ਲਗਾਈਏ।

# 1. ਰੂਹਾਂ ਬੋਲਣ ਰੁੱਖਾਂ ਦੀਆਂ

ਆਦਿ-ਮਨੁੱਖ ਲਈ ਰੁੱਖ ਭੈਅਦਾਇਕ ਅਤੇ ਅਨੋਖੇ ਪ੍ਰਾਣੀ ਸਨ। ਮਨੁੱਖ ਸੋਚਦਾ ਕਿ ਇੱਕ ਨਿੱਕੇ ਜਿਹੇ ਬੀਜ ਵਿਚੋਂ ਵਡ-ਅਕਾਰੀ ਰੁੱਖ ਕਿਵੇਂ ਪੈਦਾ ਹੋ ਜਾਂਦਾ ਹੈ। ਮਨੁੱਖ ਹੈਰਾਨ ਹੁੰਦਾ। ਪੱਤਝੜ ਜਾਂ ਸਿਆਲ ਦੀ ਰੁੱਤੇ ਕਿਵੇਂ ਸੁੱਕੜ ਹੋਏ ਰੁੱਖ, ਬਹਾਰ ਵਿੱਚ ਖਿੜ ਉੱਠਦੇ ਹਨ। ਪ੍ਰਕਿਰਤੀ ਦੀ ਇਹ ਕਿਰਿਆ ਉਸ ਨੂੰ ਸਮਝ ਨਾ ਆਉਂਦੀ। ਇਹ ਗੱਲਾਂ ਉਸ ਨੂੰ ਕਰਾਮਾਤਾਂ ਲਗਦੀਆਂ। ਉਹ ਲੋਕ ਸਮਝਦੇ ਕਿ ਰੁੱਖਾਂ ਵਿੱਚ ਰੂਹਾਂ ਜਾਂ ਦੇਵਤਿਆਂ ਦਾ ਵਾਸਾ ਹੈ। ਇਹ ਖਿਆਲ ਕਰ ਕੇ ਮਨੁੱਖ ਨੇ ਰੁੱਖਾਂ ਨੂੰ ਪੂਜਣਾ ਸ਼ੁਰੂ ਕਰ ਦਿੱਤਾ। ਇਸੇ ਕਰਕੇ ਉਹ ਰਾਤ ਸਮੇਂ ਰੁੱਖਾਂ ਨੂੰ ਨਹੀਂ ਸੀ ਹਿਲਾਉਂਦੇ।



ਮਤੇ ਰੁੱਖ ਦੀ ਰੂਹ 'ਚ ਵਿਘਨ ਨਾ ਪੈ ਜਾਏ। ਹੁਣ ਵੀ ਸਿਆਣੇ ਇਹ ਵਿਚਾਰ ਰੱਖਦੇ ਹਨ ਕਿ ਰਾਤ ਨੂੰ ਰੁੱਖ-ਬੂਟਿਆਂ ਨੂੰ ਛੇੜਨਾ ਨਹੀਂ ਚਾਹੀਦਾ। ਉਹ ਪੁਰਾਣੇ-ਲੋਕ ਰੁੱਖ ਨੂੰ ਵੱਢਣ ਸਮੇਂ ਉਸ ਤੋਂ ਮੁਆਫ਼ੀ ਮੰਗਦੇ। ਕੋਈ ਅਰਦਾਸ ਜਾਂ ਮੰਤਰ ਪੜ੍ਹਦੇ।

ਇਹ ਵਿਸ਼ਵਾਸ ਹੁੰਦਾ ਸੀ ਕਿ ਹਰ ਰੁੱਖ ਦਾ ਆਪਣਾ ਇੱਕ ਖਾਸ ਕਿਰਦਾਰ ਹੁੰਦਾ ਅਤੇ ਗੁਣ ਹੁੰਦਾ ਹੈ। ਇਸੇ ਕਰ ਕੇ ਨਿੰਮ ਦੇ ਰੁੱਖ ਨੂੰ ਹਵਾ ਸਾਫ਼ ਕਰਨ ਵਾਲਾ ਕਿਹਾ ਜਾਂਦਾ। ਉਸ ਵਿੱਚ ਦੇਵਤੇ ਦਾ ਵਾਸਾ ਮੰਨਿਆ ਜਾਂਦਾ ਜੋ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਂਦਾ। ਰੋਗੀ ਬੱਚੇ ਉੱਪਰ ਨਿੰਮ ਦੀ ਟਹਿਣੀ ਘੁਮਾਈ ਜਾਂਦੀ। ਪਿੰਡਾਂ ਵਿੱਚ ਹੁਣ ਵੀ ਪੈਦਾ ਹੋਏ ਬੱਚੇ ਦੇ ਕਮਰੇ ਅੱਗੇ ਨਿੰਮ ਦੀਆਂ ਟਾਹਣੀਆਂ ਟੰਗੀਆਂ ਜਾਂਦੀਆ ਹਨ। ਸਰੀਰ ਦੀ ਸ਼ੁੱਧਤਾ ਲਈ ਨਿੰਮ ਦੇ ਪੱਤਿਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਨਿੰਮ ਦੇ ਪੱਤਿਆਂ ਨੂੰ ਸੁਕਾ ਕੇ ਅਨਾਜ ਦੇ ਭਾਂਡਿਆਂ ਅਤੇ ਕਪੜਿਆਂ ਦੀ ਸੰਭਾਲ ਕਰਨ ਲਈ ਟਰੰਕਾਂ ਜਾਂ ਸੰਦੂਕਾਂ ਵਿੱਚ ਰੱਖਿਆ ਜਾਂਦਾ।

ਵਿਗਿਆਨ ਦੀ ਕਾਢ ਨੇ ਸਾਨੂੰ ਦੱਸ ਦਿੱਤਾ ਹੈ ਕਿ ਇਨ੍ਹਾਂ ਵਿਸ਼ਵਾਸਾਂ ਪਿੱਛੇ ਅਸਲ ਸਚਾਈ ਹੋਰ ਹੈ। ਨਿੰਮ ਦਾ ਰੁੱਖ ਹੋਰ ਰੁੱਖਾਂ ਨਾਲੋਂ ਵਧੇਰੇ ਆਕਸੀਜਨ ਛੱਡਦਾ ਹੈ ਜਿਸ ਕਾਰਨ ਆਲੇ-ਦੁਆਲੇ ਦੀ ਹਵਾ ਸ਼ੁੱਧ ਹੋ ਜਾਂਦੀ ਹੈ। ਇਸ ਦੇ ਪੱਤੇ, ਛਿੱਲ, ਨਮੋਲੀਆਂ, ਰਸ ਤੇ ਲੱਕੜ ਔਸ਼ਧੀ-ਵਿਗਿਆਨ ਵਿੱਚ ਮਹੱਤਵਪੂਰਨ ਹਨ।

ਪੁਰਾਣੇ ਸਮਿਆਂ ਵਿੱਚ ਇਮਲੀ ਦਾ ਰੁੱਖ ਲੋਕਾਂ ਦਾ ਮਨ-ਪਸੰਦ ਰੁੱਖ ਸੀ। ਗਾਇਕ ਆਪਣੀ ਆਵਾਜ਼ ਰਸੀਲੀ ਬਾਉਣ ਲਈ ਇਸ ਦੇ ਪੱਤੇ ਚਬਾਉਂਦੇ। ਇਮਲੀ ਦੇ ਰੁੱਖ ਵਿੱਚ ਰਹਿਣ ਵਾਲੀਆਂ ਰੂਹਾਂ ਖਤਰਨਾਕ ਸਮਝੀਆਂ ਜਾਂਦੀਆਂ। ਇਸ ਕਰ ਕੇ ਇਮਲੀ ਦੇ ਰੁੱਖ ਥੱਲੇ ਸੌਣਾ ਸਿਆਣਪ ਨਹੀਂ ਸਮਝਿਆ ਜਾਂਦਾ। ਇਹ ਅਫ਼ਵਾਹ ਹੁੰਦੀ ਕਿ ਇਹ ਥੱਲੇ ਸੌਣ ਵਾਲੇ ਨੂੰ ਜੀਵਿਤ ਨਹੀਂ ਰਹਿਣ ਦੇਵੇਗਾ। ਚੰਪਾ ਦੇ ਰੁੱਖ ਵਿੱਚ ਰਹਿਣ ਵਾਲੀਆਂ ਰੂਹਾਂ ਦਇਵਾਨ ਸਮਝੀਆਂ ਜਾਂਦੀਆਂ। ਇੱਕ ਪ੍ਰਸਿੱਧ ਪੀਰ ਦੇ ਮਜ਼ਾਰ ਦੇ ਨੇੜੇ ਚੰਪਾ ਦੇ ਇੱਕ ਪੁਰਾਣੇ ਰੁੱਖ ਨੂੰ ਵੰਗਾਂ (ਕੱਚ ਦੀਆਂ) ਲਟਕਾਈਆਂ ਜਾਂਦੀਆਂ ਹਨ ਅਤੇ ਬੱਚੇ ਦੀ ਸੁੱਖ ਮੰਗੀ ਜਾਂਦੀ ਹੈ। ਲੋਕਾਂ 'ਚ ਇਹ ਆਸਥਾ ਹੈ ਕਿ ਚੰਪਾ ਦਾ ਰੁੱਖ ਪੀਰ ਕੋਲੋਂ ਵੰਗਾਂ ਖੋਹ

ਕੇ ਆਪਣੀਆਂ ਟਹਿਣੀਆਂ ਨੂੰ ਪਹਿਨਾ ਦਿੰਦਾ ਹੈ। ਅਜਿਹੇ ਲੋਕ-ਵਿਸ਼ਵਾਸ ਅਜੇ ਵੀ ਚੱਲੇ ਆ ਰਹੇ ਹਨ। ਰੁੱਖਾਂ ਦੀ ਵਿੱਲਖਣਤਾ ਜਾਨਣ ਦੀ ਲੋੜ ਹੈ।

ਪਿੱਪਲ ਦੇ ਰੁੱਖ ਨੂੰ ਬ੍ਰਹਮਾ ਰਿਸ਼ੀ ਸਮਝ ਕੇ ਪੂਜਨਾ ਕੀਤੀ ਜਾਂਦੀ ਹੈ। ਇਸ ਦੀ ਲੱਕੜ ਨੂੰ ਸਾੜਨਾ ਮਾੜਾ ਸਮਝਿਆ ਜਾਂਦਾ ਹੈ। ਇਸ ਦੀ ਛਿਲਕ ਨੂੰ ਰਗੜ ਕੇ ਬੱਚਿਆਂ ਦੇ ਫੋੜੇ ਤੇ ਫਿਨਸੀਆਂ 'ਤੇ ਲੇਪ ਕੀਤਾ ਜਾਂਦਾ ਹੈ। ਇਸ ਦੀ ਹਵਾਈ ਦਾੜ੍ਹੀ ਕਈ ਔਸ਼ਧੀਆਂ ਵਿੱਚ ਵਰਤੀ ਜਾਂਦੀ। ਪਪੀਸੀਆਂ ਤੇ ਬਾਟੇ (ਫਲ) ਦਵਾਈਆਂ ਵਿੱਚ ਕੰਮ ਆਉਂਦੇ ਹਨ। ਹੁਣ ਵੀ ਮੰਦਰਾਂ ਵਿੱਚ ਪਿੱਪਲ ਦੇ ਤਣੇ ਦੁਆਲੇ ਕਪੜਾ ਤੇ ਧਾਗਿਆਂ ਨੂੰ ਲਪੇਟ ਕੇ ਪੂਜਾ ਕੀਤੀ ਜਾਂਦੀ ਹੈ। ਰਾਤ ਵੇਲੇ ਦੀਵੇ ਧਰੇ ਜਾਂਦੇ ਹਨ। ਪੰਛੀ ਆਪਣਾ ਵਾਸ ਇਸ ਉੱਤੇ ਕਰਦੇ ਹਨ। ਪਿੱਪਲ ਦੀਆਂ ਜੜ੍ਹਾਂ ਮਿੱਟੀ ਨੂੰ ਖੋਰਨ ਤੋਂ ਬਚਾਉਂਦੀਆਂ ਹਨ ਤੇ ਇਸ ਦੇ ਸੁੱਕੇ ਝੜੇ ਪੱਤੇ ਜ਼ਮੀਨ (ਮਿੱਟੀ) ਨੂੰ ਉਪਜਾਊ ਬਣਾਉਣ ਵਿੱਚ ਕੰਮ ਕਰਦੇ ਹਨ। ਆਧੁਨਿਕ ਵਿਗਿਆਨ ਨੇ ਇਹ ਖੋਜ ਕਰ ਕੇ ਸਿੱਧ ਕਰ ਦਿੱਤਾ ਹੈ ਕਿ ਪਿੱਪਲ ਇੱਕ ਅਜਿਹਾ ਵਚਿੱਤਰ ਰੁੱਖ ਹੈ ਜੋ ਰਾਤ ਵੇਲੇ ਕਾਰਬਨ ਡਾਇਕਸਾਈਡ ਦੀ ਥਾਂ ਆਕਸੀਜਨ ਗੈਸ ਛੱਡਦਾ ਹੈ। ਇਸ ਦੇ ਥੱਲੇ ਸੌਣਾ ਗੁਣਕਾਰੀ ਹੈ। ਮਹਾਤਮਾ ਬੁੱਧ ਨੂੰ ਇਸ ਰੁੱਖ ਥੱਲੇ ਗਿਆਨ ਹੋਣ ਦੀ ਘਟਨਾ ਕਰਕੇ ਬੋਧੀ-ਰੁੱਖ ਸਮਝ ਕੇ ਪੂਜਿਆ ਜਾਂਦਾ ਹੈ। ਇਸ ਨੂੰ ਵੱਢਣਾ ਪਾਪ ਸਮਝਿਆ ਜਾਂਦਾ ਹੈ। ਇਸੇ ਕਰ ਕੇ ਰੁੱਖਾਂ ਦੀਆਂ ਰੂਹਾਂ ਨੂੰ ਦੇਵੀ-ਦੇਵਤੇ ਸਮਝਕੇ ਉਪਾਸਨਾ ਕੀਤੀ ਜਾਂਦੀ ਹੈ। ਅਸਲ ਵਿੱਚ ਸਿਆਣਿਆਂ ਨੇ ਰੁੱਖਾਂ ਦੀ ਮਹੱਤਤਾ ਤੇ ਸਾਂਭ-ਸੰਭਾਲ ਲਈ ਅਜਿਹੇ ਵਿਸ਼ਵਾਸ ਪੈਦਾ ਕੀਤੇ ਹੋਏ ਹਨ। ਜੋ ਪੀੜ੍ਹੀ-ਦਰ-ਪੀੜ੍ਹੀ ਅੱਗੇ ਚਲਦੇ ਆਏ। ਰੁੱਖ ਤੇ ਮਨੁੱਖ ਦੀ ਸਾਂਝ ਆਦਿ ਕਾਲ ਤੋਂ ਚਲੀ ਆ ਰਹੀ ਹੈ।

*

# 2. ਘੁੰਗਰੂਆਂ ਵਾਲੀ ਲਾਠੀ

ਤੁਸੀਂ ਸੋਚੋਗੇ ਕਿ ਜੰਗਲ ਦੀ ਰਾਖੀ ਦੀ ਕੀ ਲੋੜ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਜੰਗਲ ਵਰਖਾ ਕਰਨ ਵਿੱਚ ਸਹਾਈ ਹੁੰਦੇ ਹਨ। ਜੰਗਲਾਂ ਵਿੱਚ, ਜਾਨਵਰਾਂ, ਜੀਵਾਂ-ਜੰਤੂਆਂ ਤੇ ਪੰਛੀਆਂ ਦਾ ਵਾਸਾ ਹੁੰਦਾ ਹੈ। ਜੰਗਲ ਦੇ ਰੁੱਖ ਸਾਡਾ ਖਜ਼ਾਨਾ ਹਨ। ਜੰਗਲ ਸਾਡੀ ਧਰਤੀ ਦੀ ਰਾਖੀ ਵੀ ਕਰਦੇ ਹਨ। ਪੌਣ-ਪਾਣੀ (ਜਲਵਾਯੂ) ਜੰਗਲਾਂ 'ਤੇ ਹੀ ਨਿਰਭਰ ਹੁੰਦਾ ਹੈ। ਜੰਗਲ ਲੱਕੜ ਦੇ ਦਾਤੇ, ਫੁੱਲਾਂ ਦਾ ਸੰਸਾਰ ਤੇ ਫਲਾਂ ਦਾ ਭੰਡਾਰ ਹਨ। ਜੰਗਲਾਂ ਦੀ ਮੁੱਲਵਲ ਅਦੁੱਤੀ ਦੇਣ ਦੀ ਰਾਖੀ ਕਿਵੇਂ ਕੀਤੀ ਜਾਵੇ। ਇਸ ਬਾਰੇ ਇੱਕ ਕਬੀਲੇ ਦੀ ਪਰੰਪਰਾ ਬੜੀ ਰੋਚਿਕ ਹੈ।



ਇਸ ਕਬੀਲੇ ਦੀਆਂ ਔਰਤਾਂ ਦੀ ਇੱਕ ਲਾਠੀ ਹੁੰਦੀ ਹੈ। ਪਰੰਤੂ ਇਸ ਨੂੰ ਸਾਧਾਰਨ ਲਾਠੀ ਨਹੀਂ ਕਿਹਾ ਜਾ ਸਕਦਾ। ਇਸ ਲਾਠੀ ਦੇ ਉਪਰਲੇ ਸਿਰੇ 'ਤੇ ਚਾਰ-ਪੰਜ ਵੱਡੇ ਘੁੰਗਰੂ ਬੰਨ੍ਹੇ ਹੁੰਦੇ ਹਨ। ਇਸ ਲਾਠੀ ਨੂੰ ਔਰਤਾਂ ਖਾਂਕਰ ਕਹਿੰਦੀਆਂ ਹਨ। ਇਹ ਖਾਂਕਰ ਔਰਤਾਂ ਜੰਗਲ ਦੀ ਰਾਖੀ ਕਰਨ ਲਈ ਵਰਤਦੀਆਂ ਹਨ। ਜੰਗਲ ਵਿੱਚ ਜਾ ਕੇ ਔਰਤਾਂ ਧਰਤੀ ਉੱਤੇ ਲਾਠੀ ਨਾਲ ਖੜਾਕ ਕਰਦੀਆਂ ਹਨ ਤੇ ਘੁੰਗਰੂਆਂ ਦੀ ਛਣਕਾਰ ਨਾਲ ਜੰਗਲ ਵਿੱਚ ਸੰਗੀਤਮਈ ਧੁਨਾਂ ਪੈਦਾ ਹੋ ਜਾਂਦੀਆਂ ਹਨ। ਜੰਗਲ ਦੀ ਖ਼ਾਮੋਸ਼ੀ ਵਿੱਚ ਘੁੰਗਰੂਆਂ ਦੀ ਆਵਾਜ਼ ਗੂੰਜਦੀ ਹੈ ਤੇ ਦੂਸਰੇ ਭਾਗ ਵਿੱਚ ਔਰਤਾਂ ਜੰਗਲ ਦੀ ਰਾਖੀ ਕਰਨ ਲਈ ਤੱਤਪਰ ਹੋ ਜਾਂਦੀਆਂ ਹਨ। ਇਸ ਤਰ੍ਹਾਂ ਲਾਠੀ ਦੇ ਘੁੰਗਰੂਆਂ ਦੀ ਛਣਕ ਔਰਤਾਂ ਨੂੰ ਇੱਕ ਦੂਜੇ ਨਾਲ ਜੋੜ ਦੇਂਦੀ ਹੈ ਤੇ ਹਰ ਕੋਈ ਆਪਣਾ ਫਰਜ਼ ਨਿਭਾਉਣ ਦਾ ਕਾਰਜ ਕਰਦਾ ਹੈ। ਇਹ ਸੰਗੀਤਮਈ ਲਾਠੀ ਉਨ੍ਹਾਂ ਲਈ ਇੱਕ ਸਾਂਝ ਸਿਰਜਣ ਦਾ ਕੰਮ ਕਰਦੀ ਹੈ। ਜੰਗਲ ਦੀ ਰਾਖੀ ਕਰਨਾ, ਉਨ੍ਹਾਂ ਲਈ ਪੂਜਾ ਸਮਾਨ ਹੈ। ਪੁਰਖਿਆਂ ਨੇ ਉਨ੍ਹਾਂ ਨੂੰ ਇਹ ਸਮਝਾਇਆ ਹੋਇਆ ਹੈ ਕਿ ਜੰਗਲ ਦੇ ਰਹਿਣ ਨਾਲ ਹੀ ਸਾਡਾ ਜੀਵਨ ਰਹਿ ਸਕਦਾ ਹੈ। ਸੰਝ ਹੋਣ 'ਤੇ ਔਰਤਾਂ ਰਾਖੀ ਕਰਨ ਉਪਰੰਤ ਘਰ ਨੂੰ ਆ ਜਾਂਦੀਆਂ ਹਨ। ਘੁੰਗਰੂਆਂ ਵਾਲੀ ਲਾਠੀ ਆਪਣੇ ਘਰ ਨਹੀਂ ਲਿਆਉਂਦੀਆਂ ਸਗੋਂ ਗੁਆਂਢੀ ਘਰ ਅੱਗੇ ਰੱਖ ਦੇਂਦੀਆਂ ਹਨ। ਇਸ ਦਾ ਅਰਥ ਇਹ ਹੁੰਦਾ ਹੈ ਕਿ ਕੱਲ੍ਹ ਨੂੰ ਉਸ ਘਰ ਦੀਆਂ ਔਰਤਾਂ ਖਾਂਕਰ ਨੂੰ ਲੈ ਕੇ ਜੰਗਲ ਦੀ ਰਾਖੀ ਕਰਨ ਜਾਣਗੀਆਂ। ਇਹ ਪਰੰਪਰਿਕ ਗੀਤ ਇੰਜ ਚਲਦੀ ਰਹਿੰਦੀ ਹੈ।

*

# 3. ਰੁੱਖਾਂ ਨੂੰ ਗਲਵਕੜੀ

ਅਸੀਂ ਸਾਰੇ ਰੁੱਖਾਂ ਦੀ ਮਹੱਤਤਾ ਬਾਰੇ ਜਾਣਦੇ ਹਾਂ। ਰੁੱਖਾਂ ਬਿਨਾਂ ਅਸੀਂ ਗੁਜ਼ਾਰਾ ਨਹੀਂ ਕਰ ਸਕਦੇ। ਇਹ ਸਾਡੇ ਜੀਵਨ ਦਾਤਾ ਹਨ। ਪਰ ਕੀ ਅਸੀਂ ਇਨ੍ਹਾਂ ਲਈ ਆਪਾ ਵਾਰ ਸਕਦੇ ਹਾਂ। ਰੁੱਖ ਤਾਂ ਪਰ-ਉਪਕਾਰੀ ਹਨ ਪਰੰਤੂ ਅਸੀਂ ਲੋਭੀ ਹਾਂ। ਆਓ, ਰੁੱਖਾਂ ਲਈ ਕੁਰਬਾਨੀ ਕਰਨ ਵਾਲੇ ਲੋਕਾਂ ਦੀ ਇੱਕ ਘਟਨਾ ਨੂੰ ਚੇਤੇ ਕਰੀਏ।



ਭਾਰਤ ਦੇ ਬਿਸ਼ਨੋਈ ਲੋਕਾਂ ਨੇ ਰੁੱਖਾਂ ਦੀ ਰਾਖੀ ਕਰਨ ਲਈ ਇਤਿਹਾਸ ਸਿਰਜਿਆ ਹੈ। ਗੱਲ 1731 ਈਸਵੀ ਦੀ ਹੈ। ਜੋਧਪੁਰ ਦੇ ਰਾਜੇ ਨੇ ਆਪਣੇ

ਨਵੇਂ ਮਹਿਲ ਲਈ ਇਮਾਰਤੀ ਲੱਕੜ ਕੱਟਣ ਲਈ ਕੁਝ ਲੱਕੜਹਾਰਿਆਂ ਨੂੰ ਹੁਕਮ ਦੇ ਦਿੱਤਾ। ਲੱਕੜਹਾਰੇ ਬਿਸ਼ਨੋਈ ਲੋਕਾਂ ਦੇ ਪਿੰਡਾਂ ਦੇ ਜੰਗਲਾਂ ਵਿੱਚ ਲੱਕੜ ਕੱਟਣ ਲਈ ਜਾ ਪੁੱਜੇ। ਲੋਕ ਸਹਿਮ ਗਏ। ਉਹ ਤਾਂ ਹਮੇਸ਼ਾ ਰੁੱਖਾਂ ਤੇ ਪਸ਼ੂਆਂ ਦੀ ਰਾਖੀ ਕਰਨ ਵਾਲੇ ਲੋਕ ਸਨ। ਇੱਕ ਔਰਤ ਬਿਸ਼ਨੋਈ ਅੰਮ੍ਰਿਤਾ ਦੇਵੀ (ਮਾਂ) ਨੇ ਇੱਕ ਰੁੱਖ ਨੂੰ ਆਪਣੀਆਂ ਬਾਹਾਂ 'ਚ ਲੈ ਲਿਆ। ਉਸ ਨੇ ਲੱਕੜਹਾਰਿਆਂ ਨੂੰ ਰੁੱਖ ਨਾ ਕੱਟਣ ਦਾ ਤਰਲਾ ਕੀਤਾ। ਇਹ ਵੇਖ ਕੇ ਉਸ ਦੀਆਂ ਤਿੰਨ ਧੀਆਂ ਨੇ ਵੀ ਰੁੱਖਾਂ ਨੂੰ ਗਲਵਕੜੀਆਂ ਪਾ ਲਈਆਂ। ਪਰ ਲੱਕੜਹਾਰਿਆਂ ਨੇ ਮਾਂ ਤੇ ਧੀਆਂ ਨੂੰ ਰੁੱਖਾਂ ਨਾਲ ਹੀ ਵੱਢ-ਟੁੱਕ ਦਿੱਤਾ। ਇਹ ਜਬਰ ਤੇ ਜ਼ੁਲਮ ਵੇਖ ਕੇ 363 ਲੋਕਾਂ ਨੇ ਵੀ ਆਪਣੀਆਂ ਜਾਨਾਂ ਵਾਰ ਦਿੱਤੀਆਂ। ਇਹ ਦਰਦਨਾਕ ਘਟਨਾ ਦੀ ਖ਼ਬਰ ਸੁਣ ਕੇ ਰਾਜੇ ਦਾ ਦਿਲ ਪਸ਼ਚਾਤਾਪ ਨਾਲ ਭਰ ਗਿਆ ਤੇ ਬਿਸ਼ਨੋਈਆਂ ਦੇ ਪਿੰਡਾਂ ਦੇ ਨੇੜੇ ਰੁੱਖ ਕੱਟਣ ਦੀ ਮਨਾਹੀ ਕਰ ਦਿੱਤੀ।

ਇਸੇ ਤਰ੍ਹਾਂ ਹੀ ਉੱਤਰੀ ਭਾਰਤ ਦੇ ਪਹਾੜੀ ਵਣਾਂ (ਜੰਗਲਾਂ) ਨੂੰ ਬਚਾਉਣ ਲਈ ਉੱਥੋਂ ਦੇ ਲੋਕਾਂ ਨੇ ਮੁਹਿੰਮ ਅਰੰਭੀ। ਉਹ ਮਹਿਸੂਸ ਕਰਦੇ ਸਨ ਕਿ ਜੇਕਰ ਵਣ ਖਤਮ ਹੋ ਗਏ ਤਾਂ ਸਾਡਾ ਜਿਉਣਾ ਵੀ ਮੁਹਾਲ ਹੋ ਜਾਵੇਗਾ। ਉਨ੍ਹਾਂ ਕੋਲ ਰੁੱਖਾਂ ਨੂੰ ਬਚਾਉਣ ਲਈ ਬਿਸ਼ਨੋਈ ਲੋਕਾਂ ਵਾਂਗ ਕੇਵਲ ਆਪਣੀਆਂ ਜਾਨਾਂ ਹੀ ਸਨ। ਵਣ ਦੇ ਰੁੱਖਾਂ ਦੀ ਕਟਾਈ ਕਰਨ ਵਾਲੀ ਕੰਪਨੀ ਕੋਲ ਪੈਸਾ ਤੇ ਮਜ਼ਦੂਰ ਸਨ। ਜਦੋਂ ਲੋਕਾਂ ਨੂੰ ਰੁੱਖ ਕੱਟਣ ਦੀ ਖ਼ਬਰ ਮਿਲਦੀ ਤਾਂ ਹਰ ਇੱਕ ਆਦਮੀ, ਔਰਤ ਤੇ ਬੱਚਾ ਇੱਕ-ਇੱਕ ਰੁੱਖ ਨੂੰ ਗਲਵਕੜੀ ਪਾ ਲੈਂਦਾ ਭਾਵ ਰੁੱਖ ਨੂੰ ਚਿੰਬੜ ਜਾਂਦਾ। ਇਥੋਂ ਹੀ 'ਚਿਪਕੋ ਲਹਿਰ' ਦਾ ਜਨਮ ਹੋਇਆ ਜਿਸਦਾ ਉਦੇਸ਼ ਸੀ 'ਰੁੱਖ ਬਚਾਓ ਰੁੱਖ ਨੂੰ ਚਿਪਕ ਜਾਉ'। ਇੰਜ ਲੋਕਾਂ ਨੇ ਰੁੱਖਾਂ ਨੂੰ ਗਲਵਕੜੀ ਪਾਉਣ ਦੀ ਦ੍ਰਿੜਤਾ ਨਾਲ ਰੁੱਖਾਂ ਨੂੰ ਬਚਾ ਲਿਆ। ਸਮਾਂ ਲੰਘ ਗਿਆ ਪਰ ਕੰਪਨੀ ਰੁੱਖ ਕੱਟਣਾ ਚਾਹੁੰਦੀ ਸੀ। ਰੇਨੀ ਪਿੰਡ ਦੇ ਰੁੱਖਾਂ ਨੂੰ ਕੱਟਣ ਲਈ ਲੱਕੜਹਾਰੇ ਪੁੱਜ ਗਏ। ਲੋਕ ਕੀ ਕਰਦੇ। ਆਖ਼ਰ ਇੱਕ ਛੋਟੀ ਜਿਹੀ ਕੰਨਿਆ ਉਸ ਰਸਤੇ ਤੋਂ ਦੌੜਦੀ-ਦੌੜਦੀ ਆਈ। ਉਸ ਨੇ ਰੌਲਾ ਪਾ ਦਿੱਤਾ ਕਿ ਲੱਕੜਹਾਰੇ ਆ ਗਏ। ਲੱਕੜਹਾਰੇ ਆ ਗਏ। ਪਿੰਡ ਵਿੱਚ ਖ਼ਬਰ ਫੈਲ ਗਈ। ਇੱਕ ਵਿਧਵਾ, ਗੌਰਾ ਦੇਵੀ ਨੇ ਤੁਰੰਤ ਪਿੰਡ ਦੀਆਂ ਔਰਤਾਂ ਨੂੰ ਇਕਠਾ ਕੀਤਾ। ਉਹ ਲੱਕੜਹਾਰੇ ਦੇ ਸਾਹਮਣੇ ਪਹਾੜੀ ਰਸਤਿਆਂ 'ਤੇ ਦੌੜਦੀਆਂ ਹੋਈਆਂ ਵਣ ਵਿੱਚ ਪੁੱਜ ਗਈਆਂ।

"ਰੁੱਖ ਨਾ ਵੱਢੋ", ਉਹਨਾਂ ਔਰਤਾਂ ਨੇ ਕੂਕ-ਕੂਕ ਕੇ ਆਖਿਆ। "ਸਾਡਾ ਪਿੰਡ
ਮਰ ਜਾਵੇਗਾ। ਸਾਨੂੰ ਪਾਣੀ ਨਹੀਂ ਮਿਲੇਗਾ, ਲੱਕੜੀ ਨਹੀਂ ਮਿਲੇਗੀ, ਚਾਰਾ
ਨਹੀਂ ਹੋਵੇਗਾ, ਬਾਲਣ ਨਹੀਂ ਹੋਵੇਗਾ, ਇਹ ਸਾਡੇ ਦਾਤੇ ਹਨ। ਸਾਨੂੰ ਖਾਣ ਨੂੰ
ਕੁਝ ਨਹੀਂ ਰਹੇਗਾ। ਵਾਸਤਾ ਈ, ਇਨ੍ਹਾਂ ਨੂੰ ਨਾ ਵੱਢੋ।"

ਪਰ ਲੱਕੜ ਕੱਟਣ ਵਾਲਿਆਂ ਨੇ ਉਨ੍ਹਾਂ ਔਰਤਾਂ ਦੀ ਪੁਕਾਰ ਨਾ ਸੁਣੀ।
ਇੱਕ ਬੰਦੂਕ ਵਾਲੇ ਬੰਦੇ ਨੇ ਗਰਜ਼ ਕੇ ਕਿਹਾ, "ਸਾਡੇ ਰਾਹ ਵਿੱਚੋਂ ਹਟ ਜਾਉ।
ਨਹੀਂ ਤਾਂ ਸਾਰੀਆਂ ਨੂੰ ਭੁੰਨ ਦਿਆਂਗਾ।" ਪਰ ਗੌਰਾ ਦੇਵੀ ਦਲੇਰੀ ਨਾਲ ਡਟੀ
ਰਹੀ। ਉਸ ਨੇ ਪੂਰੀ ਦ੍ਰਿੜਤਾ ਨਾਲ ਉੱਤਰ ਦਿੱਤਾ, "ਚਲਾ ਗੋਲੀ, ਜੇ ਚਲਾਉਣੀ
ਹੀ ਹੈ। ਅਸੀਂ ਤੁਹਾਨੂੰ ਇੱਕ ਰੁੱਖ ਨੂੰ ਵੀ ਹੱਥ ਨਹੀਂ ਲਾਉਣ ਦਿਆਂਗੀਆਂ।"

ਬੰਦਿਆਂ ਨੇ ਬਹੁਤ ਧਮਕੀਆਂ ਦਿੱਤੀਆਂ। ਬਹੁਤ ਬੁਰਾ ਭਲਾ ਵੀ
ਆਖਿਆ। ਮੌਤ ਦਾ ਡਰ ਵੀ ਦਿੱਤਾ। ਪਰੰਤੂ ਔਰਤਾਂ ਦੀ ਏਕਤਾ ਅੱਗੇ ਲੱਕੜੀ
ਕੱਟਣ ਵਾਲੇ ਠਠੰਬਰ ਗਏ। ਏਨੇ ਨੂੰ ਹੋਰ ਔਰਤਾਂ ਵੀ ਆ ਗਈਆਂ। ਇੱਕ ਸੱਚ
ਦੀ ਆਵਾਜ਼ ਫੇਰ ਉੱਠੀ। "ਅਸੀਂ ਮਰ ਜਾਵਾਂਗੀਆਂ ਪਰੰਤੂ ਰੁੱਖਾਂ ਨੂੰ ਗਲਵਕੜੀ
ਨਹੀਂ ਛੱਡਾਂਗੀਆਂ।" ਸ਼ਰਮਿੰਦੇ ਹੋਏ ਬੰਦੇ ਮੁੜ ਗਏ। ਔਰਤਾਂ ਦੀ ਜਿੱਤ ਨਾਲ
ਸਾਰਾ ਵਣ ਹੋਰ ਵੀ ਬਲਿਹਾਰੀ ਬਲਿਹਾਰੀ ਜਾਪਣ ਲੱਗਿਆ।

ਰੇਨੀ ਪਿੰਡ ਦੀ ਇਸ ਜਿੱਤ ਪਿੱਛੋਂ 'ਚਿਪਕੋ ਲਹਿਰ' ਹੋਰ ਵੀ ਜ਼ੋਰ ਫੜ
ਗਈ। ਉੱਤਰ ਦੀਆਂ ਪਹਾੜੀਆਂ ਤੋਂ ਬਾਅਦ ਇਹ ਲਹਿਰ ਭਾਰਤ ਦੇ ਹੋਰ
ਹਿੱਸਿਆਂ ਵਿੱਚ ਵੀ ਫੈਲ ਗਈ। ਲੋਕ-ਗੀਤ ਬਣ ਗਿਆ:

"ਰੁੱਖਾਂ ਨੂੰ ਬਚਾਉ, ਰੁੱਖ ਸਾਡੀ ਜਾਨ,
ਚਿਪਕੋ ਲਹਿਰ ਆਖੇ, ਸੁਣੋ ਸਾਡਾ ਫੁਰਮਾਨ।"

ਕਿੰਨੇ ਸੂਰਮੇ ਸਨ, ਉਹ ਲੋਕ, ਜਿਨ੍ਹਾਂ ਨੇ ਰੁੱਖਾਂ ਨੂੰ ਗਲਵਕੜੀਆਂ ਪਾ ਕੇ
ਰੁੱਖਾਂ ਦੀ ਸੰਭਾਲ ਲਈ ਸਾਰੇ ਭਾਰਤ ਨੂੰ ਜਗਾ ਦਿੱਤਾ।

*

# 4. ਰੁੱਖਾਂ ਦਾ ਰਾਖਾ: ਡਾਕਟਰ ਯਾਮਾਨੋ

ਬੰਦਿਆਂ, ਜਾਨਵਰਾਂ ਤੇ ਪਸ਼ੂ-ਪੰਛੀਆਂ ਨੂੰ ਦਵਾਈ-ਬੂਟੀ ਰਾਹੀਂ ਬਚਾਉਣ ਵਾਲੇ ਡਾਕਟਰ ਤਾਂ ਬਹੁਤ ਹਨ ਪਰੰਤੂ ਰੁੱਖਾਂ ਨੂੰ ਜਿਉਂਦੇ ਕਰਨ ਵਾਲਾ, ਰੋਗ ਰਹਿਤ ਕਰਨ ਵਾਲਾ ਤੇ ਸਾਂਭ-ਸੰਭਾਲ ਕਰਨ ਵਾਲਾ ਇੱਕ ਡਾਕਟਰ ਹੈ। ਉਸ ਦਾ ਨਾਂ ਹੈ: ਯਾਮਾਨੋ। ਜਾਪਾਨ ਦੇਸ਼ ਦਾ, 1900 ਈ: 'ਚ ਓਸਾਕਾ 'ਚ ਜਨਮਿਆ। ਉਸ ਨੂੰ ਪਰਬਤਾਂ ਤੇ ਰੁੱਖਾਂ ਨਾਲ ਅਥਾਹ ਪਿਆਰ ਸੀ। ਉਸ ਨੇ ਆਪਣਾ ਮੁੱਢਲਾ ਜੀਵਨ ਸਮੁੰਦਰੋਂ ਪਾਰ ਵਣ-ਪ੍ਰਬੰਧ ਵਿੱਚ ਕੰਮ ਕਰਦਿਆਂ ਗੁਜ਼ਾਰਿਆ। ਉਸ ਨੇ ਖੋਜ ਕੀਤੀ ਕਿ ਰੁੱਖ ਮਨੁੱਖ ਲਈ ਹੀ ਨਹੀਂ ਸਗੋਂ ਹੋਰ ਕਿੰਨੇ ਹੀ ਜੀਵ-ਜੰਤੂਆਂ ਲਈ ਜੀਵਨ-ਦਾਤੇ ਹਨ। ਉਸ ਨੇ ਅਧਿਐਨ ਕੀਤਾ ਕਿ ਰੁੱਖ ਪਾਣੀ ਕਿਵੇਂ ਜਮ੍ਹਾਂ ਕਰ ਕੇ ਰੱਖਦੇ ਹਨ। ਸਾਨੂੰ ਹੜ੍ਹਾਂ ਤੋਂ ਕਿਵੇਂ ਬਚਾਉਂਦੇ ਹਨ।



ਆਕਸੀਜਨ ਕਿਵੇਂ ਪੈਦਾ ਕਰਦੇ ਹਨ, ਜਿਹੜੀ ਮਨੁੱਖ ਦੇ ਸਾਹ ਲੈਣ ਲਈ ਅਤੀ ਜ਼ਰੂਰੀ ਹੈ। ਉਸ ਨੇ ਆਪਣਾ ਜੀਵਨ ਹੀ ਰੁੱਖਾਂ ਲਈ ਲੇਖੇ ਲਾ ਦਿੱਤਾ। ਉਹ ਰੁੱਖਾਂ ਦੀਆਂ ਰੂਹਾਂ ਦੀ ਆਵਾਜ਼ ਸੁਣ ਸਕਦਾ ਸੀ। ਰੁੱਖਾਂ ਦੇ ਦਰਦ ਨੂੰ ਸਮਝ ਸਕਦਾ ਸੀ।

ਡਾ. ਯਾਮਾਨੋ ਰੁੱਖਾਂ ਕੋਲ ਜਾਂਦਾ। ਉਹਨਾਂ 'ਚੋਂ ਗੰਦ ਮੰਦ ਦੂਰ ਕਰਦਾ। ਖੋੜਾਂ ਜਾਂ ਤਨਿਆਂ ਨੂੰ ਸਾਫ ਕਰਦਾ। ਉਨ੍ਹਾਂ 'ਚ ਸਾਫ-ਸੁਥਰੀ ਮਿੱਟੀ ਭਰ ਕੇ ਨਵਾਂ ਜੀਵਨ ਪ੍ਰਦਾਨ ਕਰਦਾ। ਖਰਾਬ ਹੋਏ ਹਿੱਸਿਆਂ ਨੂੰ ਬੁਰਸ਼ ਨਾਲ ਸਾਫ਼ ਕਰਦਾ। ਉਨ੍ਹਾਂ ਨੂੰ ਲੋੜ ਅਨੁਸਾਰ ਖੁਰਾਕੀ ਤੱਤਾਂ ਦੇ ਟੀਕੇ ਲਾਉਂਦਾ। ਦਵਾਈਆਂ ਦਾ ਪ੍ਰਯੋਗ ਕਰਦਾ। ਉਸ ਦਾ ਇਹ ਮੱਤ ਸੀ ਕਿ ਮਨੁੱਖ ਵਾਂਗ ਹੀ ਰੁੱਖਾਂ ਦੀ ਸੰਭਾਲ ਕਰਨੀ ਚਾਹੀਦੀ ਹੈ। ਉਸ ਦੇ ਇਸ ਢੰਗ ਨੂੰ ਪਹਿਲਾਂ ਤਾਂ ਵਿਦਵਾਨਾਂ ਨੇ ਨਜ਼ਰ-ਅੰਦਾਜ਼ ਕਰ ਦਿੱਤਾ ਪਰੰਤੂ ਬਾਅਦ ਵਿੱਚ ਡਾ. ਯਾਮਾਨੋ ਦੀ ਅਦੁੱਤੀ-ਖੋਜ ਅਤੇ ਕੰਮ ਨੂੰ ਵੇਖਕੇ, ਉਸ ਨੂੰ ਰੁੱਖਾਂ ਦਾ ਡਾਕਟਰ ਕਹਿ ਕੇ ਸਤਿਕਾਰਿਆ ਗਿਆ। ਉਹ ਡਾਕਟਰ ਜੋ ਬੁੱਢੇ-ਪੁਰਾਣੇ ਅਤੇ ਰੋਗੀ ਰੁੱਖਾਂ ਨੂੰ ਬਚਾਉਂਦਾ ਹੈ। ਇਸੇ ਖੋਜ ਨੂੰ ਅੱਗੇ ਤੋਰ ਕੇ ਰੁੱਖਾਂ ਨੂੰ ਬਚਾਉਣ ਲਈ ਜਤਨ ਆਰੰਭ ਹੋ ਗਏ।

ਡਾ. ਯਾਮਾਨੋ ਦੇ ਜੀਵਨ-ਕਾਲ ਦੀ ਇੱਕ ਬਹੁਤ ਹੀ ਕਰਾਮਾਤੀ ਘਟਨਾ ਇਤਿਹਾਸ ਦੇ ਪੰਨਿਆਂ ਤੇ ਉੱਕਰੀ ਹੋਈ ਮਿਲਦੀ ਹੈ। ਅਗਸਤ 1984 ਦੀ ਇੱਕ ਰਾਤ ਨੂੰ ਹੀਰੋਸ਼ੀਮਾ (ਜਾਪਾਨ) ਵਿੱਚ ਬਹੁਤ ਜ਼ੋਰਦਾਰ ਕਹਿਰੀ ਤੂਫ਼ਾਨ ਆਇਆ। ਬਹੁਤ ਗਰਜ਼ਵੀਂ ਆਵਾਜ਼ ਸਾਰੇ ਪਾਸੇ ਗੜਕ ਰਹੀ ਸੀ। ਕਾੜ-ਕਾੜ ਕਰ ਕੇ ਰੁੱਖ ਟੁੱਟ ਰਹੇ ਸਨ। ਮਕਾਨ ਡਿੱਗ ਰਹੇ ਸਨ। ਸਭ ਕੁਝ ਤਹਿਸ-ਨਹਿਸ ਹੋ ਰਿਹਾ ਸੀ। ਮਾਰੂ ਝੱਖੜ ਨੇ ਪਰਲੋ ਲਿਆ ਦਿੱਤੀ। ਬਾਰਸ਼ ਤੇ ਗੜਕਵੀਂ ਆਵਾਜ਼ ਨਾਲ ਸਾਰਾ ਮਾਹੌਲ ਭੈ-ਭੀਤ ਬਣ ਗਿਆ। ਅਚਾਨਕ ਬਹੁਤ ਵੱਡਾ ਧਮਾਕਾ ਹੋਇਆ ਜਿਵੇਂ ਅੰਬਰ ਪਾਟ ਗਿਆ ਹੋਵੇ। ਲੋਕੀਂ ਘਰਾਂ ਤੋਂ ਬਾਹਰ ਨਿਕਲ ਆਏ। ਕੀ ਵੇਖਦੇ ਹਨ ਕਿ ਚੀਨੀ ਨੈਟਲ ਦਾ ਇੱਕ ਬਹੁਤ ਵੱਡਾ ਬੁੱਢ-ਪੁਰਾਣਾ ਰੁੱਖ ਧਰਤੀ 'ਤੇ ਜੜ੍ਹੋਂ ਉਖੜਿਆ ਪਿਆ ਸੀ। ਉਹ ਕੋਈ ਸਾਧਾਰਨ ਰੁੱਖ ਨਹੀਂ ਸੀ। ਹੀਰੋਸ਼ੀਮਾ 'ਤੇ ਜਦੋਂ ਐਟਮੀ ਤਬਾਹੀ ਹੋਈ ਸੀ ਤਾਂ ਬੰਬ ਦੇ ਝੁਲਸਵੇਂ ਧਮਾਕੇ ਨਾਲ ਇਸ ਰੁੱਖ ਦਾ ਅੱਧਾ ਤਣਾ ਸੜ ਕੇ ਕਾਲਾ ਹੋ ਗਿਆ ਸੀ। ਉਦੋਂ ਤੋਂ ਇਹ ਰੁੱਖ ਮੁਰਝਾਉਣ ਤੇ ਸੁੱਕਣ ਲੱਗ ਪਿਆ ਸੀ। ਪਰੰਤੂ ਮੋਤੋਮਾਚੀ ਐਲਮੈਂਟਰੀ ਸਕੂਲ ਦੇ ਬੱਚਿਆਂ ਨੇ ਇਸ ਦੀ ਸਾਂਭ-ਸੰਭਾਲ ਕਰ ਕੇ ਬਚਾ ਲਿਆ ਸੀ।

ਜਾਪਾਨ ਵਿੱਚ ਬੱਚਿਆਂ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣ ਲਈ ਪਾਠ-ਕ੍ਰਮਾਂ 'ਚ ਗਿਆਨ ਤੇ ਜਾਣਕਾਰੀ ਦਿੱਤੀ ਜਾਂਦੀ ਹੈ। ਉਹ ਸੰਕਟਾਂ ਤੋਂ ਘਬਰਾਉਂਦੇ ਨਹੀਂ।

ਲੋਕ ਚਾਹੁੰਦੇ ਸਨ ਕਿ ਇਹ ਰੁੱਖ ਉਦੋਂ ਤੋਂ ਮਾਰ ਝਲਦਾ ਹੋਇਆ, ਜਿਉਂਦਾ ਰਹਿਣਾ ਚਾਹੀਦਾ ਹੈ। ਹੀਰੋਸ਼ੀਮਾ ਦੇ ਐਟਮੀ ਬੰਬ ਦੀ ਇਹ ਰੁੱਖ ਇੱਕ ਇਤਿਹਾਸਕ ਨਿਸ਼ਾਨੀ ਸੀ ਜਿਸ ਨੂੰ ਜਾਪਾਨੀ ਲੋਕ ਕਾਇਮ ਰੱਖਣਾ ਚਾਹੁੰਦੇ ਸਨ। ਜਾਪਦਾ ਸੀ ਕਿ ਹੁਣ ਇਸ ਰੁੱਖ ਦਾ ਅੰਤ ਆ ਗਿਆ ਹੈ। ਇਸ ਨੂੰ ਜੀਵਤ ਰੱਖਣਾ ਮੁਸ਼ਕਲ ਹੈ। ਆਸ ਦੀ ਇਕੋ ਇੱਕ ਕਿਰਨ ਡਾ. ਯਾਮਾਨੋ ਜਿਸ ਦਾ ਪੂਰਾ ਨਾਂ ਤਾਦਾਹੀਕੋ ਯਾਮਾਨੋ ਸੀ। ਹੁਣ ਉਹ ਬਿਰਧ ਵੀ ਹੋ ਗਿਆ ਸੀ। ਆਖ਼ਰ ਡਾ. ਯਾਮਾਨੋ ਨੂੰ ਉਸ ਰੁੱਖ ਬਾਰੇ ਪਤਾ ਲੱਗਿਆ ਉਹ ਉੱਥੇ ਪੁੱਜਾ। ਕਹਿੰਦੇ ਨੇ ਕਿ ਉਸ ਨੇ ਆਪਣੇ ਦੋਵੇਂ ਹੱਥ ਰੁੱਖ ਉੱਤੇ ਰੱਖ ਦਿੱਤੇ ਅਤੇ ਉਸ ਨੂੰ ਜ਼ੋਰ ਦੀ ਦਬਾਇਆ। ਡਾ. ਯਾਮਾਨੋ ਨੇ ਅੰਤਰ ਧਿਆਨ ਹੋ ਕੇ ਅੱਖਾਂ ਬੰਦ ਕੀਤੀਆਂ। ਆਪਣੀਆਂ ਹਥੇਲੀਆਂ ਰਾਹੀਂ ਉਹਨੇ ਨਮੀ ਦੀ ਜਾਂਚ ਕੀਤੀ। ਪ੍ਰਾਰਥਨਾ ਕੀਤੀ। ਉਸ ਨੂੰ ਅਨੁਭਵ ਹੋਇਆ ਕਿ ਰੁੱਖ ਅਜੇ ਸਾਹ ਲੈ ਰਿਹਾ ਹੈ। ਜੜ੍ਹ ਪ੍ਰਕਿਰਿਆ ਕਾਇਮ ਸੀ। ਉਸ ਨੇ ਬੜੇ ਧਰੀਜ ਨਾਲ ਐਲਾਨ ਕੀਤਾ, "ਰੁੱਖ ਜੀਵਤ ਰਹੇਗਾ।" ਡਾ. ਯਾਮਾਨੋ ਦੇ ਆਲੇ ਦੁਆਲੇ ਖੜੇ ਬੱਚਿਆਂ ਨੂੰ ਚਾਅ ਚੜ੍ਹ ਗਿਆ ਤੇ ਰੁੱਖ ਦੀ ਸਾਂਭ-ਸੰਭਾਲ 'ਚ ਜੁਟ ਗਏ। ਡਾ. ਯਾਮਾਨੋ ਦਾ ਕਰਾਮਾਤੀ ਫੁਰਮਾਨ ਰੰਗ ਲਿਆਇਆ!!

*

# 5. ਰੁੱਖ 'ਚੋਂ ਲਹੂ ਸਿੰਮਿਆ

ਇੱਕ ਰੁੱਖ ਦਾ ਨਾਂ ਹੈ ਗਿੰਕਗੋ। ਪੁਰਾਣੇ ਵਕਤਾਂ ਵਿੱਚ ਇਹ ਰੁੱਖ ਦੁਨੀਆਂ ਦੇ ਕਈ ਹਿੱਸਿਆਂ ਵਿੱਚ ਹੁੰਦਾ ਸੀ। ਡਾਇਨੋਸੌਰਾਂ ਦੇ ਯੁੱਗ ਸਮੇਂ। ਲਗਭਗ ਤੀਹ ਕਰੋੜ ਵਰ੍ਹੇ ਪਹਿਲਾਂ ਦੀ ਗੱਲ ਮੰਨੀ ਜਾਂਦੀ ਹੈ। ਇਹ ਰੁੱਖ ਕੋਰੀਆ ਦੇਸ਼ ਵਿੱਚ ਆਮ ਹੁੰਦਾ ਸੀ। ਇਸ ਨੂੰ ਸੁੰਦਰ ਰੁੱਖ ਕਰ ਕੇ ਮਹੱਤਤਾ ਦਿੱਤੀ ਜਾਂਦੀ ਹੈ। ਇਸ ਦੇ ਪੱਤੇ ਪੱਖੀ ਦੀ ਸ਼ਕਲ ਦੇ ਹੁੰਦੇ ਹਨ। ਇਸ ਰੁੱਖ ਦੀ ਉਮਰ ਹਜ਼ਾਰ ਵਰ੍ਹਿਆਂ ਤੱਕ ਲੰਮੀ ਵੀ ਹੋ ਸਕਦੀ ਹੈ। ਇਸ ਦੀ ਲੱਕੜੀ, ਪੱਤੇ ਅਤੇ ਬੀਜ ਸਭ ਵੱਡਮੁੱਲੇ ਸਾਧਨ ਹਨ। ਗਰਮੀ ਦੇ ਮੌਸਮ ਵਿੱਚ ਆਪਣੀ ਛਾਂ ਕਰਕੇ, ਪੱਤਝੜ ਵਿੱਚ ਆਪਣੇ ਗੂੜ੍ਹੇ-ਸੁਨਹਿਰੀ ਪੱਤਿਆਂ ਕਰ ਕੇ ਤੇ ਪ੍ਰਦੂਸ਼ਨ ਨੂੰ ਰੋਕਣ ਦੀ ਖ਼ਾਸੀਅਤ ਕਰਕੇ ਅਤੇ ਭੂ-ਦ੍ਰਿਸ਼ ਦੀ ਸੁੰਦਰਤਾ ਕਰ ਕੇ ਕਮਾਲ ਦਾ ਰੁੱਖ ਹੈ।



ਕੋਰੀਆ ਵਿੱਚ ਸਿਉਲ ਦੇ ਨੇੜੇ ਇੱਕ ਮੰਦਰ ਦੇ ਮੈਦਾਨ ਵਿੱਚ ਗਿੰਕਗੋ ਨਾਂ ਦਾ ਇੱਕ ਰੁੱਖ ਲਗਭਗ 62 ਮੀਟਰ ਉੱਚਾ ਅਤੇ ਲਗਭਗ 1100 ਸਾਲ ਪੁਰਾਣਾ ਮੰਨਿਆ ਜਾਂਦਾ ਹੈ।

ਇਸ ਗਿੰਕਗੋ ਰੁੱਖ ਨਾਲ ਕਈ ਪੁਰਾਣੀਆਂ ਕਥਾ-ਕਹਾਣੀਆਂ ਜੁੜੀਆਂ ਹੋਈਆਂ ਹਨ। ਇਹ ਗੱਲ ਵੀ ਸੁਣੀ ਜਾਂਦੀ ਹੈ ਕਿ ਇਹ ਇੱਕ ਬੋਧੀ ਦੀ ਸੋਟੀ ਤੋਂ ਉਪਜਿਆ ਸੀ। ਕਹਿੰਦੇ ਨੇ ਬਹੁਤ ਸਮਾਂ ਪਹਿਲਾਂ, ਇੱਕ ਆਦਮੀ ਨੇ ਇਸ ਨੂੰ ਵੱਢਣ ਦੀ ਕੋਸ਼ਿਸ਼ ਕੀਤੀ। ਕੁਹਾੜਾ ਲੈ ਕੇ ਉਸ ਨੇ ਇਸ ਰੁੱਖ ਦੇ ਤਣੇ 'ਤੇ ਵਾਰ ਕੀਤਾ। ਉਹ ਬੰਦਾ ਇਸ ਰੁੱਖ ਨੂੰ ਵੱਢ ਕੇ ਪੈਸੇ ਕਮਾਉਣਾ ਚਾਹੁੰਦਾ ਸੀ। ਜਿਉਂ ਹੀ ਉਸ ਨੇ ਜ਼ੋਰ ਨਾਲ ਆਪਣੇ ਕੁਹਾੜੇ ਨਾਲ ਰੁੱਖ 'ਤੇ ਟੱਕ ਮਾਰਿਆ ਤਾਂ ਟੱਕ ਵਾਲੀ ਥਾਂ ਤੋਂ ਲਹੂ ਵੱਗਣ ਲੱਗ ਪਿਆ। ਬੰਦਾ ਵੀ ਭੈ-ਭੀਤ ਹੋ ਗਿਆ। ਬੱਦਲਾਂ ਦੀ ਗੜ-ਗੜ ਹੋਈ, ਅਸਮਾਨ 'ਚ ਬਿਜਲੀ ਲਿਸ਼ਕੀ ਤੇ ਪਲਾਂ-ਛਿਨਾਂ ਵਿੱਚ ਭਾਰੀ ਵਰਖਾ ਪੈਣੀ ਸ਼ੁਰੂ ਹੋ ਗਈ। ਉਸ ਆਦਮੀ ਨੇ ਰੁੱਖ ਨੂੰ ਵੱਢਣ ਦਾ ਵਿਚਾਰ ਛੱਡ ਦਿੱਤਾ। ਲੋਕੀਂ ਇਹ ਦ੍ਰਿਸ਼ ਵੇਖ ਕੇ ਹੈਰਾਨ ਹੋ ਗਏ। ਕੁਦਰਤ ਦੀ ਕਰੋਪੀ ਅੱਗੇ ਅਰਦਾਸ ਕਰਨ ਲੱਗੇ। ਮੁੜ ਕਿਸੇ ਨੇ ਉਸ ਰੁੱਖ ਨੂੰ ਵੱਢਣ ਦਾ ਖਿਆਲ ਹੀ ਛੱਡ ਦਿੱਤਾ। ਲੋਕੀਂ ਇਹ ਵੀ ਦਾਅਵਾ ਕਰਦੇ ਹਨ ਕਿ ਇਹ ਰੁੱਖ ਕਿਸੇ ਵੀ ਆਉਣ ਵਾਲੀ ਆਫ਼ਤ (ਮੁਸੀਬਤ) ਬਾਰੇ ਉੱਚੀ-ਉੱਚੀ ਰੌਲਾ ਪਾ ਕੇ ਲੋਕਾਂ ਨੂੰ ਖ਼ਬਰਦਾਰ ਕਰ ਦੇਂਦਾ ਹੈ। ਸ਼ਾਇਦ ਇਸੇ ਕਰ ਕੇ ਕੋਰੀਆ ਦੇਸ ਦੀ ਸਰਕਾਰ ਨੇ ਇਸ ਰੁੱਖ ਨੂੰ ਕੁਦਰਤੀ ਯਾਦਗਾਰ ਵੱਜੋਂ ਸੁਰੱਖਿਅਤਾ ਦਿੱਤੀ ਹੋਈ ਹੈ। ਇਸੇ ਕਰਕੇ ਸਾਡੀ-ਸੰਸਕ੍ਰਿਤੀ ਵਿੱਚ ਵੀ ਰੁੱਖਾਂ ਨੂੰ ਰਿਸ਼ੀਆਂ ਸਮਾਨ ਸਮਝਿਆ ਜਾਂਦਾ ਹੈ।

*

# 6. ਵੀਅਤਨਾਮੀ ਜੀਵਨ-ਸ਼ੈਲੀ 'ਚ ਬਾਂਸ

ਦੁਨੀਆਂ ਦੇ ਦੱਖਣੀ ਗੋਲ-ਅਰਧ ਵਿੱਚ ਵਸਿਆ ਵੀਅਤਨਾਮ ਵੀਹਵੀਂ ਸਦੀ ਵਿੱਚ ਆਪਣੀ ਦੇਸ਼ ਭਗਤੀ ਕਰ ਕੇ ਬੜਾ ਉੱਘਾ ਹੋਇਆ। ਆਪਣੀ ਆਜ਼ਾਦੀ ਦੀ ਜੰਗ ਲਈ ਉਸਨੇ ਦੁਨੀਆਂ ਦੀ ਵੱਡੀ ਸਾਮਰਾਜੀ ਤਾਕਤ ਅਮਰੀਕਾ ਨਾਲ ਪੂਰਾ ਲੋਹਾ ਲਿਆ। ਇਸ ਦੇਸ ਦਾ ਹਰਮਨ ਪਿਆਰਾ ਨੇਤਾ ਹੋਚੀ-ਮਿਨ ਆਪਣੇ ਵਾਸੀਆਂ ਲਈ ਜ਼ਿੰਦਗੀ ਭਰ ਸੰਘਰਸ਼ ਕਰਦਾ ਰਿਹਾ। ਇਸ ਦੇਸ਼ ਦੇ ਅਦਭੁੱਤ-ਅਨੋਖੇ ਪੌਦੇ ਬਾਂਸ ਦੀ ਬੜੀ ਮਹੱਤਤਾ ਹੈ। ਵੀਅਤਨਾਮੀ ਪਿੰਡਾਂ ਦੇ ਆਲੇ-ਦੁਆਲੇ ਆਪਣੀ ਸੁਰੀਲੀ ਆਵਾਜ਼ ਪੈਦਾ ਕਰਦੇ, ਬਾਂਸਾਂ ਦੇ ਝੁੰਡ ਸੋਹਣੇ ਛਬੀਲੇ ਲਗਦੇ ਹਨ। ਆਮ-ਤੌਰ 'ਤੇ ਬਾਂਸ ਇਕੋ ਜਿਹੇ ਜਾਪਦੇ ਹਨ ਪਰੰਤੂ ਇਹ ਅੰਦਰੋਂ ਪੋਲੀਆਂ ਪੋਰੀਆਂ ਵਾਲੇ ਸੈਆਂ ਵੱਖ-ਵੱਖ ਕਿਸਮਾਂ ਦੇ ਹੁੰਦੇ ਹਨ।



ਭਾਰਤ ਵਿੱਚ ਵੀ ਬਾਂਸ ਸਾਡੀ ਸੰਸਕ੍ਰਿਤੀ ਨਾਲ ਗੂੜ੍ਹਾ ਜੁੜਿਆ ਹੋਇਆ ਹੈ। ਘਰੇਗੀ ਵਸਤਾਂ ਵਿੱਚ ਉਪਯੋਗੀ ਹੋਣ ਦੇ ਨਾਲ-ਨਾਲ, ਮਨੁੱਖ ਦੀ ਮ੍ਰਿਤਕ ਦੇਹ ਨੂੰ ਬਾਂਸ ਦੀ ਅਰਥੀ ਬਣਾ ਕੇ ਹੀ ਸਮਸ਼ਾਨ-ਘਾਟ ਅੰਤਿਮ-ਕਿਰਿਆ ਕਰਨ ਲਈ ਲਿਜਾਇਆ ਜਾਂਦਾ ਹੈ। ਹੁਣ ਭਾਵੇਂ ਲੋਹੇ ਦੀ ਸਟਰੈਚਰ ਸੀੜੀ ਵੀ ਪ੍ਰਯੋਗ ਵਿਚ ਆ ਗਈ ਹੈ।

ਆਮ ਲੋਕਾਂ ਦਾ ਖਿਆਲ ਹੈ ਕਿ ਬਾਂਸ ਇੱਕ ਰੁੱਖ ਹੈ ਪਰ ਅਸਲ ਵਿੱਚ ਧਾਨ ਅਤੇ ਬਾਜਰੇ ਵਾਂਗ ਇਸ ਦਾ ਸਬੰਧ ਘਾਹ-ਪਰਿਵਾਰ ਨਾਲ ਹੈ। ਇਸ ਦੇ ਪੱਤੇ ਲੰਮੇ ਤੇ ਘੱਟ ਚੌੜੇ ਹੁੰਦੇ ਹਨ। ਇਸ ਦਾ ਗੋਲ ਤਣਾ ਖੋਖਲਾ ਹੁੰਦਾ ਹੈ ਤੇ ਤਿੱਖੀਆਂ ਸੂਏ-ਵਰਗੀਆਂ ਨਾਲੀਆਂ ਦੇ ਵਧਣ ਨਾਲ ਬਣਿਆ ਹੁੰਦਾ ਹੈ। ਤੇਜ਼-ਹਵਾਵਾਂ ਚੱਲਣ ਨਾਲ ਬਾਂਸਾਂ ਦੇ ਜੰਗਲ ਨੂੰ ਅੱਗ ਵੀ ਲਗ ਜਾਂਦੀ ਹੈ। ਵੰਝਲੀ ਜਾਂ ਬੰਸਰੀ ਇਸੇ ਪੌਦੇ ਦੀ ਦੇਣ ਹੈ। ਬਾਂਸ ਦੁਨੀਆਂ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਪੌਦਿਆਂ 'ਚੋਂ ਇੱਕ ਹੈ। ਵਧ ਵਰਖਾ ਪੈਂਦੇ ਸਮੇਂ ਇਹ ਚੌਵੀ ਘੰਟਿਆਂ ਦੇ ਅੰਦਰ ਅੰਦਰ ਦੋ ਮੀਟਰ ਦੇ ਲਗਭਗ ਵੱਧ ਸਕਦਾ ਹੈ। ਕੁਝ ਬਾਂਸਾਂ ਦੀਆਂ ਕਿਸਮਾਂ ਚਾਲੀ ਤੋਂ ਸੌ ਸਾਲ ਦੀ ਉਮਰ ਤੱਕ ਰਹਿ ਸਕਦੀਆਂ ਹਨ ਪਰੰਤੂ ਬਾਂਸ ਆਪਣਾ ਸਾਰਾ ਵਾਧਾ-ਵਿਕਾਸ ਲਗਭਗ 30 ਤੋਂ 40 ਦਿਨਾਂ ਵਿੱਚ ਪੂਰਾ ਕਰ ਲੈਂਦਾ ਹੈ। ਬਾਕੀ ਦੀ ਉਮਰ ਆਪਣੇ ਤਣੇ, ਪੱਤਿਆਂ ਤੇ ਟਹਿਣੀਆਂ ਨੂੰ ਮਜ਼ਬੂਤ ਕਰਨ ਵਿੱਚ ਬਿਤਾਉਂਦਾ ਹੈ। ਇਸ ਨੂੰ ਸਾਰੀ ਉਮਰ 'ਚ ਇੱਕ ਵਾਰ ਹੀ ਫੁੱਲ-ਫੁਲਾਕਾ ਪੈਂਦਾ ਹੈ। ਬਹੁਤ ਹੱਦ ਤੱਕ ਉਹ ਵਲਦਾਰ ਪੱਤਿਆਂ ਵਰਗੇ ਹੀ ਜਾਪਦੇ ਹਨ ਜੋ ਪਛਾਨਣੇ ਸੌਖੇ ਨਹੀਂ। ਉਨ੍ਹਾਂ ਫੁੱਲਾਂ ਤੋਂ ਬਾਅਦ ਬਾਂਸ ਮਰਨਾ ਸ਼ੁਰੂ ਕਰ ਦਿੰਦਾ ਹੈ।

ਵੀਅਤਨਾਮ 'ਚ ਬਾਂਸ ਦੀ ਵਰਤੋਂ ਕਈ ਤਰ੍ਹਾਂ ਕੀਤੀ ਜਾਂਦੀ ਹੈ। ਇਸ ਦੇ ਛਿਲਕਿਆਂ ਤੋਂ ਰੱਸੀਆਂ ਤੇ ਪੱਟੀਆਂ ਬਣਾਉਣ ਲਈ ਗੁੰਦਿਆ ਜਾਂਦਾ ਹੈ। ਟੋਕਰੀਆਂ ਤੇ ਟੋਕਰੇ ਬਣਾਏ ਜਾਂਦੇ ਹਨ। ਇਸ ਤੋਂ ਖਾਣ ਵਾਲੀਆਂ ਡੰਡੀਆਂ, ਚਮਚੇ, ਦੰਦ ਸਾਫ਼ ਕਰਨ ਵਾਲੀਆਂ ਤੀਲੀਆਂ, ਮੇਜ਼-ਕੁਰਸੀਆਂ, ਚਿਕਦਾਰ ਪਰਦੇ, ਸੰਦ-ਔਜ਼ਾਰ, ਖਿਡੌਣੇ, ਸੰਗੀਤ ਦਾ ਸਾਜ਼, ਘਰ, ਬੇੜੀਆਂ, ਤੁਲ੍ਹੇ ਅਤੇ ਲਪਰੇ-ਪਾੜਛੇ ਆਦਿ ਬਣਾਏ ਜਾਂਦੇ ਹਨ। ਪੁਰਾਣੇ ਸਮਿਆਂ ਤੋਂ ਹਥਿਆਰ ਵੀ ਬਣਾਏ ਜਾਂਦੇ ਰਹੇ ਹਨ, ਹੋਰ ਵੀ ਘਰੇਗੀ ਕੰਮਾਂ ਤੇ ਸ਼ਗਨਾਂ ਮੌਕੇ ਵਰਤੋਂ ਵਿੱਚ ਆਉਂਦਾ ਹੈ। ਵੀਅਤਨਾਮ ਰਾਸ਼ਟਰ ਦਾ ਬਾਂਸ ਬਹੁਤ ਹੀ ਢੁਕਵਾਂ ਚਿੰਨ੍ਹ ਹੈ।

*

# 7. ਰੁੱਖ ਉੱਗਣ ਦੀ ਚੀਨੀ ਗਾਥਾ

ਲੋਕ-ਗਾਥਾਵਾਂ ਵਿੱਚ ਰੁੱਖਾਂ ਬਾਰੇ ਬੜੀਆਂ ਰੌਚਿਕ ਕਹਾਣੀਆਂ ਪੜ੍ਹਨ ਨੂੰ ਮਿਲਦੀਆਂ ਹਨ। ਅਸਲ ਵਿੱਚ ਰੁੱਖ ਤੇ ਮਨੁੱਖ ਦੀ ਸਾਂਝ ਆਦਿ-ਮਨੁੱਖ ਨਾਲ ਹੀ ਸ਼ੁਰੂ ਹੋ ਗਈ ਸੀ। ਰੁੱਖ, ਮਨੁੱਖ ਤੇ ਦਰਿਆ ਗਤੀਸ਼ੀਲ ਹਨ। ਅਜਿਹੀ ਇੱਕ ਗਾਥਾ ਰੁੱਖਾਂ ਬਾਰੇ ਚੀਨ ਦੇਸ਼ ਨਾਲ ਸਬੰਧਤ ਹੈ। ਸਦੀਆਂ ਪਹਿਲਾਂ ਚੀਨ ਦੇ ਵਿਚਕਾਰ ਇੱਕ ਪੀਲਾ ਦਰਿਆ ਵਗਦਾ ਹੁੰਦਾ ਹੈ। ਜਦੋਂ ਤੇਜ਼ ਹਵਾ ਵਗਦੀ ਪੀਲੀ ਰੇਤ ਉਡਦੀ ਤੇ ਹਵਾ 'ਚ ਭਰ ਜਾਂਦੀ। ਜਦ ਕਦੇ ਮੀਂਹ ਪੈਂਦਾ ਤਾਂ ਚਿੱਕੜ ਹੋ ਜਾਂਦਾ ਤੇ ਪਾਣੀ ਲਹਿਰਾਂ ਬਣ ਧਰਤੀ 'ਤੇ ਵੱਗਣ ਲਗਦਾ। ਕਹਿੰਦੇ ਨੇ ਉਦੋਂ ਉਸ ਧਰਤੀ 'ਤੇ ਕੋਈ ਵੀ ਰੁੱਖ ਨਹੀਂ ਸੀ, ਘਾਹ-ਪੱਤਰ ਤਾਂ ਕੀ ਹੋਣਾ। ਉੱਥੇ ਮਨੁੱਖ ਵੀ ਕੋਈ ਨਹੀਂ ਸੀ ਰਹਿੰਦਾ। ਸੁੰਨਮ-ਸੁੰਨਾ, ਰੜਾ ਮੈਦਾਨ ਦੂਰ-ਦੂਰ ਤੱਕ ਫੈਲਿਆ ਹੋਇਆ ਸੀ।



ਤਦ ਇੱਕ ਯੁਆਨ ਨਾਂ ਦੇ ਮਹਾ-ਸੈਨਾਪਤੀ ਨੇ ਮੱਧ ਚੀਨ ਉੱਤੇ ਆਪਣੀ ਫੌਜ ਨਾਲ ਧਾਵਾ ਬੋਲ ਦਿੱਤਾ। ਫੌਜ ਨੂੰ ਬੜਾ ਜੋਸ਼ ਚੜ੍ਹਿਆ ਹੋਇਆ ਸੀ। ਉਸ ਪੀਲੀ ਧਰਤੀ 'ਤੇ ਜਦੋਂ ਸੈਨਿਕ ਪਹੁੰਚੇ ਤਾਂ ਸੂਰਜ ਦੇਵਤਾ ਬਹੁਤ ਤਪਿਆ ਹੋਇਆ ਸੀ। ਸੈਨਾਪਤੀ ਯੁਆਨ ਨੇ ਬਹੁਤ ਦੂਰ ਸਰਾਲ ਦੀ ਸ਼ਕਲ ਦਾ ਇੱਕ ਪਹਾੜ ਤੱਕਿਆ। ਉਸ ਨੂੰ ਨਿਆਉ ਪਹਾੜ ਕਹਿੰਦੇ ਸਨ। ਉਸ ਪਹਾੜ ਵੱਲ ਇੱਕ ਬੱਦਲ ਆ ਰਿਹਾ ਸੀ। ਯੁਆਨ ਨੇ ਆਪਣੀ ਲੰਮੀ ਤਲਵਾਰ ਮਿਆਨ 'ਚੋਂ ਕੱਢੀ ਅਤੇ ਉਸ ਬੱਦਲ ਵੱਲ ਸੇਧਦਿਆਂ ਬੜੇ ਜੋਸ਼ ਨਾਲ ਹਵਾ ਵਿੱਚ ਲਹਿਰਾਇਆ। ਕਹਿੰਦੇ ਨੇ ਤਲਵਾਰ ਦੀ ਲਿਸ਼ਕ ਨਾਲ ਅਚਨਚੇਤ ਵਰਖਾ ਹੋਣ ਲੱਗ ਪਈ। ਜਿਉਂ ਹੀ ਵਰਖਾ ਦੀ ਬੂੰਦ ਧਰਤੀ ਨੂੰ ਛੋਂਹਦੀ, ਉੱਥੇ ਹੀ ਇੱਕ ਨਿੱਕਾ ਰੁੱਖ ਉੱਗ ਆਉਂਦਾ। ਵਰਖਾ ਪੈਂਦੀ ਰਹੀ ਤੇ ਪਹਾੜ ਉੱਤੇ ਰੁੱਖ ਉੱਗਦੇ ਗਏ। ਪਹਾੜ ਰੁੱਖਾਂ ਨਾਲ ਢਕਿਆ ਗਿਆ।

ਹੁਣ ਉਹ ਪਹਾੜ ਪੀਲਾ ਨਾ ਰਿਹਾ। ਹਰਿਆਵਲ ਹੀ ਹਰਿਆਵਲ ਹੋ ਗਈ। ਹੋਰ-ਹੋਰ ਰੁੱਖ-ਬੂਟੇ ਉੱਗ ਆਏ। ਫੁੱਲ ਖਿੜ ਪਏ, ਪੌਣਾਂ ਵਿੱਚ ਮਹਿਕ ਬਿਖਰ ਗਈ। ਕਈ ਸਾਲ ਬੀਤ ਗਏ। ਨਿਆਉ ਪਹਾੜ ਉੱਤੇ ਰੁੱਖ ਵੱਡੇ ਹੁੰਦੇ ਗਏ। ਰੁੱਖਾਂ ਤੇ ਪੰਛੀ ਚਹਿ-ਚਹਾਣ ਲੱਗੇ। ਹੋਰ ਜੀਵ-ਜੰਤੂਆਂ ਤੇ ਜਾਨਵਰਾਂ ਨੇ ਉੱਥੇ ਵਾਸਾ ਕਰ ਲਿਆ। ਪਹਾੜ ਰਮਣੀਕ ਥਾਂ ਬਣ ਗਿਆ। ਯੁਆਨ ਸੈਨਾਪਤੀ ਦੀ ਮਹਿਮਾ ਹੋਣ ਲੱਗੀ। ਕਿਹਾ ਜਾਂਦਾ ਹੈ ਕਿ ਉਹ ਰੁੱਖ ਸਰੂ ਦੇ ਸਨ ਜੋ ਹਜ਼ਾਰਾਂ ਵਰ੍ਹੇ ਜੀਵਤ ਰਹਿ ਸਕਦੇ ਹਨ। ਯੁਆਨ ਸੈਨਾਪਤੀ ਰਾਸ਼ਟਰ ਦਾ ਨਾਇਕ ਬਣ ਗਿਆ। ਉਸ ਨੂੰ ਲੋਕੀਂ ਰੁੱਖਾਂ ਦਾ ਰਾਜਾ ਕਹਿਣ ਲੱਗ ਪਏ। ਜਦੋਂ ਯੁਆਨ ਦੀ ਮੌਤ ਹੋਈ, ਸੋਗ ਵਰਤ ਗਿਆ। ਬੜੇ ਸਨਮਾਨਾਂ ਨਾਲ ਉਸ ਨੂੰ ਨਿਆਉ ਪਹਾੜ 'ਤੇ ਹੀ ਦਫ਼ਨਾਇਆ ਗਿਆ। ਨੁਆਉ ਪਹਾੜ ਨੂੰ ਰੁੱਖਾਂ ਦਾ ਜਨਮ ਦਾਤਾ ਮੰਨਿਆ ਗਿਆ।

*

# 8 . ਰੁੱਖਾਂ ਬਾਰੇ ਕੁਝ ਰੌਚਿਕ ਗੱਲਾਂ

**ਅੰਬਰ ਛੋਂਹਦਾ ਸਫੈਦਾ**: ਆਸਟ੍ਰੇਲਿਆ ਵਿੱਚ ਸਫੈਦੇ ਦਾ ਇੱਕ ਰੁੱਖ ਸੰਸਾਰ ਦਾ ਸਭ ਤੋਂ ਉੱਚਾ ਰੁੱਖ ਮੰਨਿਆ ਗਿਆ ਹੈ। ਉਸ ਦੀ ਉਚਾਈ 1872 ਈ: ਵਿੱਚ 500 ਫੁੱਟ ਤੋਂ ਵਧੀਕ ਸੀ।

**ਸਭ ਤੋਂ ਵੱਡੀ ਜਿਉਂਦੀ ਚੀਜ਼**: ਕੈਲੀਫੋਰਨੀਆ (ਅਮਰੀਕਾ) 'ਚ ਦੁਨੀਆਂ ਦੀ ਸਭ ਤੋਂ ਵੱਡੀ ਜਿਉਂਦੀ ਚੀਜ਼ ਇੱਕ ਰੈਡਵੁੱਡ ਰੁੱਖ ਹੀ ਹੈ। ਇਸ ਮਹਾਂ-ਕੱਦ ਰੁੱਖ ਦੀ ਉਚਾਈ 276 ਫੁੱਟ, ਤਣੇ ਦਾ ਆਕਾਰ 80 ਫੁੱਟ ਅਤੇ ਵਜ਼ਨ 33 ਹਜ਼ਾਰ ਕੁਇੰਟਲ ਮੰਨਿਆ ਗਿਆ ਹੈ।

**ਬੋਹੜ ਦੀ ਵਚਿੱਤਰਤਾ**: ਭਾਰਤ 'ਚ ਕੋਲਕਾਤਾ ਦੇ ਬੋਟੈਨੀਕਲ ਗਾਰਡਨ ਵਿੱਚ ਬੋਹੜ ਦਾ ਸੱਦੀਆਂ ਪੁਰਾਣਾ ਰੁੱਖ ਜਗਤ ਪ੍ਰਸਿੱਧ ਹੈ। ਇਹ ਪੰਜ ਏਕੜ ਤੋਂ ਵੱਧ ਥਾਂ ਵਿੱਚ ਫੈਲਿਆ ਹੋਇਆ ਹੈ, ਸੰਸਾਰ 'ਚ ਕਿਸੇ ਇੱਕ ਰੁੱਖ ਨੇ ਏਨੀ ਥਾਂ ਨਹੀਂ ਘੇਰੀ ਹੋਈ।

**ਤਣੇ 'ਚੋਂ ਲੰਘਦੀ ਕਾਰ**: ਅਮਰੀਕਾ ਦੇ ਪ੍ਰਾਂਤ ਕੈਲੀਫੋਰਨੀਆ ਇੱਕ ਥਾਂ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹੈ। ਇੱਕ ਭਾਰੇ ਰੁੱਖ ਦੇ ਤਣੇ ਵਿੱਚੋਂ ਕਟਾਈ ਕਰਕੇ ਇੱਕ ਸੁਰੰਗ ਬਣਾਈ ਹੋਈ ਹੈ ਜਿਸ ਵਿੱਚੋਂ ਕਾਰ ਲੰਘ ਜਾਂਦੀ ਹੈ। ਇਸ ਨੂੰ 'ਯਾਦਗਾਰੀ ਕਾਰ ਲਾਂਘਾ ਰੁੱਖ' ਕਿਹਾ ਜਾਂਦਾ ਹੈ।

**ਮਾਸਾਹਾਰੀ-ਪੌਦੇ**: ਕੁਦਰਤ ਦੀ ਲੀਲ੍ਹਾ ਵਚਿੱਤਰ ਹੈ। ਬਨਸਪਤੀ ਵਿਗਿਆਨੀਆਂ ਨੇ ਮਾਸਾਹਾਰੀ ਪੌਦਿਆਂ ਦੀ ਲਭਤ ਕੀਤੀ ਹੈ ਜਿਹੜੇ ਕੀੜੇ-ਮਕੌੜਿਆਂ, ਮੱਕੜੀਆਂ, ਕਿਰਲੀਆਂ, ਚੂਹਿਆਂ ਆਦਿ ਨੂੰ ਮਾਰ ਕੇ ਖਾ ਜਾਂਦੇ ਹਨ। ਨਾਗਫਲੀ ਨਾਂ ਦਾ ਪੌਦਾ ਇਸੇ ਕਿਸਮ ਦਾ ਹੈ।

*

# 8 . ਰੁੱਖਾਂ ਬਾਰੇ ਕੁਝ ਰੌਚਿਕ ਗੱਲਾਂ

**ਅੰਬਰ ਛੋਂਹਦਾ ਸਫੈਦਾ**: ਆਸਟ੍ਰੇਲਿਆ ਵਿੱਚ ਸਫੈਦੇ ਦਾ ਇਕ ਰੁੱਖ ਸੰਸਾਰ ਦਾ ਸਭ ਤੋਂ ਉੱਚਾ ਰੁੱਖ ਮੰਨਿਆ ਗਿਆ ਹੈ। ਉਸ ਦੀ ਉਚਾਈ 1872 ਈ: ਵਿੱਚ 500 ਫੁੱਟ ਤੋਂ ਵਧੀਕ ਸੀ।

**ਸਭ ਤੋਂ ਵੱਡੀ ਜਿਉਂਦੀ ਚੀਜ਼**: ਕੈਲੀਫੋਰਨੀਆ (ਅਮਰੀਕਾ) 'ਚ ਦੁਨੀਆਂ ਦੀ ਸਭ ਤੋਂ ਵੱਡੀ ਜਿਉਂਦੀ ਚੀਜ਼ ਇੱਕ ਰੈਡਵੁੱਡ ਰੁੱਖ ਹੀ ਹੈ। ਇਸ ਮਹਾਂ-ਕੱਦ ਰੁੱਖ ਦੀ ਉਚਾਈ 276 ਫੁੱਟ, ਤਣੇ ਦਾ ਆਕਾਰ 80 ਫੁੱਟ ਅਤੇ ਵਜ਼ਨ 33 ਹਜ਼ਾਰ ਕੁਇੰਟਲ ਮੰਨਿਆ ਗਿਆ ਹੈ।

**ਬੋਹੜ ਦੀ ਵਚਿੱਤਰਤਾ**: ਭਾਰਤ 'ਚ ਕੋਲਕਾਤਾ ਦੇ ਬੋਟੈਨੀਕਲ ਗਾਰਡਨ ਵਿੱਚ ਬੋਹੜ ਦਾ ਸੱਦੀਆਂ ਪੁਰਾਣਾ ਰੁੱਖ ਜਗਤ ਪ੍ਰਸਿੱਧ ਹੈ। ਇਹ ਪੰਜ ਏਕੜ ਤੋਂ ਵੱਧ ਥਾਂ ਵਿੱਚ ਫੈਲਿਆ ਹੋਇਆ ਹੈ, ਸੰਸਾਰ 'ਚ ਕਿਸੇ ਇੱਕ ਰੁੱਖ ਨੇ ਏਨੀ ਥਾਂ ਨਹੀਂ ਘੇਰੀ ਹੋਈ।

**ਤਣੇ 'ਚੋਂ ਲੰਘਦੀ ਕਾਰ**: ਅਮਰੀਕਾ ਦੇ ਪ੍ਰਾਂਤ ਕੈਲੀਫੋਰਨੀਆ ਇੱਕ ਥਾਂ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹੈ। ਇੱਕ ਭਾਰੇ ਰੁੱਖ ਦੇ ਤਣੇ ਵਿੱਚੋਂ ਕਟਾਈ ਕਰਕੇ ਇੱਕ ਸੁਰੰਗ ਬਣਾਈ ਹੋਈ ਹੈ ਜਿਸ ਵਿੱਚੋਂ ਕਾਰ ਲੰਘ ਜਾਂਦੀ ਹੈ। ਇਸ ਨੂੰ 'ਯਾਦਗਾਰੀ ਕਾਰ ਲਾਂਘਾ ਰੁੱਖ' ਕਿਹਾ ਜਾਂਦਾ ਹੈ।

**ਮਾਸਾਹਾਰੀ-ਪੌਦੇ**: ਕੁਦਰਤ ਦੀ ਲੀਲ੍ਹਾ ਵਚਿੱਤਰ ਹੈ। ਬਨਸਪਤੀ ਵਿਗਿਆਨੀਆਂ ਨੇ ਮਾਸਾਹਾਰੀ ਪੌਦਿਆਂ ਦੀ ਲਭਤ ਕੀਤੀ ਹੈ ਜਿਹੜੇ ਕੀੜੇ-ਮਕੌੜਿਆਂ, ਮੱਕੜੀਆਂ, ਕਿਰਲੀਆਂ, ਚੂਹਿਆਂ ਆਦਿ ਨੂੰ ਮਾਰ ਕੇ ਖਾ ਜਾਂਦੇ ਹਨ। ਨਾਗਫਲੀ ਨਾਂ ਦਾ ਪੌਦਾ ਇਸ ਕਿਸਮ ਦਾ ਹੈ।

# ਭਾਗ ਦੂਜਾ

ਮਾਵਾਂ ਦੇਣ ਅਸੀਸਾਂ,
ਰੁੱਖ ਦੇਵਣ ਛਾਵਾਂ।

# 9. ਪਿੱਪਲ ਦੀ ਛਾਂ ਦਾ ਵਿਗੋਚਾ

ਰੁੱਖ ਤੇ ਮਨੁੱਖ ਬਾਰੇ ਜਦੋਂ ਵੀ ਮੈਂ ਕੋਈ ਰਚਨਾ ਪੜ੍ਹਦਾ ਹਾਂ ਤਾਂ ਮੈਨੂੰ ਉਹ ਪਿੱਪਲ ਯਾਦ ਆ ਜਾਂਦਾ ਹੈ ਜਿਹੜਾ ਉਦੋਂ ਸਾਡੇ ਬਾਹਰਲੇ ਘਰ ਦੀ ਇੱਕ ਪਛਾਣ ਹੁੰਦਾ ਸੀ। ਪਿੰਡ ਦਾਊ ਵਿੱਚ ਪੁਰਾਣੇ ਤੇ ਬੁੱਢੇ ਪਿੱਪਲਾਂ ਤੇ ਬੋਹੜਾਂ ਵਿੱਚ ਉਹ ਵੀ ਗਿਣਿਆ ਜਾਂਦਾ ਸੀ। ਸਾਡੇ ਘਰ ਦੇ ਚਬੂਤਰੇ ਉੱਤੇ ਉਸ ਦਾ ਵੱਡ-ਅਕਾਰੀ ਕੱਦ ਮੇਰੀ ਸੋਝੀ ਤੋਂ ਪਹਿਲਾਂ ਅਡੋਲ ਛਾਂ ਵੰਡ ਰਿਹਾ ਸੀ। ਕਈ ਬਜ਼ੁਰਗ ਉਸ ਦੀ ਉਮਰ ਦੋ-ਤਿੰਨ ਸੌ ਸਾਲ ਪੁਰਾਣੀ ਦੱਸਦੇ ਹੁੰਦੇ ਸਨ। ਕਹਿੰਦੇ ਸਨ ਜਦੋਂ ਪਿੰਡ ਬੰਨ੍ਹਿਆ ਸੀ, ਉਦੋਂ ਕਿਸੇ ਗੁਜਰ ਜਾਤੀ ਦੇ ਬੰਦੇ ਨੇ ਇਸ ਨੂੰ ਲਾਇਆ ਸੀ। ਨਾ ਗੁਜਰ ਰਹੇ ਤੇ ਨਾ ਹੁਣ ਉਹ ਪਿੱਪਲ ਰਿਹਾ ਤੇ ਨਾ ਹੀ ਉਸ ਪਿੱਪਲ ਨਾਲ ਜੁੜਿਆ ਲੋਕ-ਜੀਵਨ। ਸੱਚ ਹੈ ਕਿ ਆਦਮੀ ਦੀ ਮਾਇਆ ਤੇ ਬਿਰਛ ਦੀ ਛਾਇਆ ਨਾਲ ਹੀ ਚਲੇ ਜਾਂਦੀ ਹੈ। ਇਨ੍ਹਾਂ ਰੁੱਖਾਂ ਦੀ ਸਾਂਝ ਆਦਿ-ਕਾਲ ਤੋਂ ਮਨੁੱਖ ਦੇ ਨਾਲ ਤੁਰਦੀ ਆਈ ਹੈ। ਸਹੀ ਤਾਂ ਇਹ ਹੈ ਕਿ ਜੇ ਰੁੱਖ ਹੈ ਤਾਂ ਮਨੁੱਖ ਹੈ। ਸਾਡਾ ਲੋਕ-ਸਾਹਿਤ ਤਾਂ ਰੁੱਖਾਂ ਨਾਲ ਏਨਾਂ ਜੁੜਿਆ ਹੋਇਆ ਹੈ ਕਿ ਮਨੁੱਖ ਦੀ ਆਤਮਾ ਨਾਲ ਗੱਲਾਂ ਕਰਦਾ ਜਾਪਦਾ ਹੈ। ਤਦੇ ਕਿਸੇ ਨੇ ਆਖਿਆ ਹੋਵੇਗਾ:

"ਬਿਰਖਾਂ ਦਾ ਗੀਤ ਸੁਣ ਕੇ
ਮੇਰੀ ਰੂਹ ਵਿੱਚ ਚਾਨਣ ਹੋਇਆ।"

ਬਾਬਾ ਫਰੀਦ ਦੀ ਬਾਣੀ ਨੂੰ ਪੜ੍ਹਦਿਆਂ-ਪੜ੍ਹਦਿਆਂ ਹੋਰ ਵੀ ਡੂੰਘਾ ਅਹਿਸਾਸ ਹੁੰਦਾ ਹੈ ਜਦੋਂ ਉਹ ਮਨੁੱਖ ਦੇ ਦਰਵੇਸੀ ਸਦਗੁਣਾਂ ਦੀ ਉਪਮਾ ਨੂੰ ਰੁੱਖਾਂ ਦੀ ਜੀਰਾਂਦ (ਸਹਿਨਸ਼ੀਲਤਾ) ਨਾਲ ਤੁਲਨਾ ਦੇਂਦੇ ਆਖਦੇ ਹਨ:

"ਫਰੀਦਾ ਸਾਹਿਬ ਕੀ ਕਰ ਚਾਕਰੀ
ਦਿਲ ਦੀ ਲਾਹਿ ਭਰਾਂਦਿ
ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ।"

ਮੈਂ ਉਸ ਪਿੱਪਲ ਥੱਲੇ ਆਪਣੀ ਉਮਰ ਦੇ ਲਗਭਗ ਚਾਲੀ ਸਾਲ ਪੱਤਝੜਾਂ ਤੇ ਬਹਾਰਾਂ ਦੀਆਂ ਰੁੱਤਾਂ ਹੰਢਾਈਆਂ। ਮੇਰੀ ਸਿਮਰਤੀ 'ਚ ਉਸ ਪਿੱਪਲ ਨਾਲ ਮੇਰੇ ਪਿੰਡ ਦਾ ਲੋਕ-ਜੀਵਨ ਜੁੜਿਆ ਹੋਇਆ ਹੈ। ਉਸ ਦਾ ਬਹੁਤ ਵੱਡਾ ਤਣਾ ਤੇ ਲੰਮੇ-ਲੰਮੇ ਟਾਹਣ ਮੈਨੂੰ ਹੁਣ ਵੀ ਚੇਤੇ ਆਉਂਦੇ ਹਨ। ਸੰਨ ਸੰਤਾਲੀ ਤੋਂ ਪਹਿਲਾਂ ਇਸ ਪਿੱਪਲ ਥੱਲੇ ਹਿੰਦੂ, ਸਿੱਖ ਤੇ ਮੁਸਲਮਾਨ ਬੱਚੇ, ਬੁੱਢੇ, ਸੁਆਣੀਆਂ ਤੇ ਮੁਟਿਆਰਾਂ ਰੌਣਕਾਂ ਲਾਉਂਦੀਆਂ ਸਨ। ਗਰਮੀਆਂ ਵਿੱਚ ਇਸ ਦੀ ਗੂੜ੍ਹੀ ਛਾਂ ਥੱਲੇ ਦਿਨੇ ਲੋਕੀਂ ਮੰਜੇ ਡਾਹ ਕੇ ਗਰਮੀਆਂ ਦੇ ਦਿਨਾਂ ਦਾ ਅਨੰਦ ਲੈਂਦੇ।



ਤੀਆਂ ਦੇ ਦਿਨ ਆਉਂਦੇ ਤਾਂ ਪਿੰਡ ਦੀਆਂ ਕੁੜੀਆਂ ਰਲ ਕੇ ਪੀਘਾਂ ਝੂਟਦੀਆਂ। ਕਿਸੇ ਬਜ਼ੁਰਗ ਬਾਬਲ ਵਾਂਗ ਇਹ ਪਿੰਡ ਦੀਆਂ ਕੁੜੀਆਂ ਨੂੰ ਅਸੀਸਾਂ ਦੇਂਦਾ ਜਾਪਦਾ ਸੀ। ਸਿਆਲ ਦੀਆਂ ਧੂਣੀਆਂ ਧੁੱਖਦੀਆਂ, ਪਿੰਡ ਵਿੱਚ ਰਾਸ ਜਾਂ ਅਖਾੜੇ ਇਸ ਦੇ ਆਲੇ ਦੁਆਲੇ ਜੁੜਦੇ। ਰਾਤ ਨੂੰ ਕਿਸੇ ਪਹਿਰੇਦਾਰ ਵਾਂਗ ਪਿੰਡ ਦੀ ਲਾਜ ਲਈ ਇਸ ਦੀ ਹੋਂਦ ਗੁਆਹੀ ਭਰਦੀ ਲਗਦੀ। ਇਸ ਦੀ ਛਾਂ ਸਭ ਲਈ ਸਾਂਝੀ ਹੁੰਦੀ। ਕਈ ਇਸ ਦੀ ਦਾੜ੍ਹੀ ਦੁਆਈਆਂ ਬਣਾਉਣ ਲਈ ਲੈ ਕੇ ਜਾਂਦੇ। ਕਈ ਔਰਤਾਂ ਆਪਣੇ ਬੱਚਿਆਂ ਦੇ ਫੋੜੇ-ਫਿਣਸੀਆਂ ਦੇ

ਅਰਾਮ ਲਈ ਇਸ ਦੇ ਤਣੇ ਉਪਰੋਂ ਸਰੱਕੀ ਲਾਹ ਕੇ ਲੈ ਜਾਂਦੀਆਂ ਤੇ ਉਸ ਨੂੰ ਰਗੜ ਕੇ ਨਸਵਾਰੀ ਰੰਗੀ ਮਲ੍ਹਮ ਬਣਾ ਕੇ ਲਾਉਂਦੀਆਂ। ਕਿਸੇ ਨੂੰ ਇਸ ਦੀਆਂ ਗੋਲ੍ਹਾਂ(ਬਾਟੇ) ਚੰਗੀਆਂ ਲਗਦੀਆਂ। ਕੋਈ ਇਸ ਦੀਆਂ ਨਵ-ਪੁੰਗਰੀਆਂ ਪਪੀਸੀਆਂ ਨਾਲ ਕੰਮ ਸੌਰਦਾ। ਸਰਦੀਆਂ ਵਿੱਚ ਹਰੇ ਚਾਰੇ ਦੀ ਤੋਟ ਕਾਰਨ, ਇਸ ਨੂੰ ਛਾਂਗ ਲਿਆ ਜਾਂਦਾ ਤੇ ਪਸ਼ੂ ਇਸ ਦੇ ਪੱਤਿਆਂ ਨੂੰ ਮੌਜ ਨਾਲ ਖਾਂਦੇ। ਮਨੁੱਖ, ਪਸ਼ੂ ਤੇ ਪੰਛੀਆਂ-ਸਭ ਦੇ ਕੰਮ ਆਉਂਦਾ। ਸਭ ਦਾ ਇੱਛਾ ਪੂਰਕ ਹੁੰਦਾ।

ਮੇਰਾ ਬਚਪਨ ਇਸ ਦੇ ਥੱਲੇ ਬੀਤਿਆ। ਪਿੰਡ ਦੇ ਬੱਚੇ ਇਸ ਦੇ ਆਲੇ ਦੁਆਲੇ ਖੇਡਦੇ। ਇਸ ਦੇ ਪੱਤਿਆਂ ਦੀ ਰੇਲ ਬਣਾ ਕੇ ਛੂਕ-ਛੂਕ ਕਰ ਕੇ ਭੱਜਦੇ। ਪੱਤਿਆਂ ਦੇ ਕਦੇ ਕੋਕਲੇ ਬਣਾਉਂਦੇ, ਕਦੇ ਫਿਰਚੀਆਂ ਤੇ ਕਦੇ ਬਲਦ-ਗੱਡੇ। ਕਈ ਕਿਸਮ ਦੇ ਪੰਛੀ ਇਸ 'ਤੇ ਚਹਿ-ਚਹਾਣ ਲਗਦੇ। ਚਿੜੀਆਂ, ਕਾਂ, ਗੁਟਾਰਾਂ, ਤੋਤੇ, ਨਿਚਲੇ, ਬਗਲੇ, ਇੱਲਾਂ, ਘੁੱਗੀਆਂ ਆਦਿ ਨੂੰ, ਮੈਂ ਇਸ ਉੱਤੇ ਬੈਠ ਦਿਆਂ ਤੇ ਉਡਦਿਆਂ ਤੱਕਦਾ ਰਹਿੰਦਾ। ਸ਼ਾਇਦ ਇਹੋ ਕਾਰਨ ਹੈ ਕਿ ਮੈਨੂੰ ਪੰਛੀਆਂ ਨਾਲ ਲਗਾਓ ਬਚਪਨ ਤੋਂ ਹੀ ਹੈ। ਕਈ ਵੇਰ ਅਸੀਂ ਇਸ ਦੇ ਚੀੜ੍ਹੇ ਦੁੱਧ ਨਾਲ ਚੀਜ਼ਾਂ ਨੂੰ ਚੇੜ੍ਹਦੇ। ਚਿੱਟਾ ਚਿੱਟਾ ਦੁੱਧ ਸਾਨੂੰ ਪਿਆਰਾ ਲਗਦਾ। ਐਤਵਾਰ ਵਾਲੇ ਦਿਨ ਪਿਤਾ ਜੀ ਸਾਨੂੰ ਸਫ਼ ਵਿਛਾ ਕੇ ਪੜ੍ਹਾਈ-ਲਿਖਾਈ ਕਰਵਾਉਂਦੇ। ਪਿੱਪਲ ਜਿਵੇਂ ਸਾਡਾ ਮਦਰਸਾ ਬਣ ਜਾਂਦਾ। ਮੋਹ ਜਾਗਦਾ ਤੇ ਅਪਣੱਤ ਪ੍ਰਬਲ ਹੁੰਦੀ।

ਬਰਸਾਤ ਦੇ ਦਿਨਾਂ 'ਚ ਮਾਤਾ ਜੀ ਨੇ ਗੁਲਗਲੇ ਤੇ ਪੂੜੇ ਪਕਾਉਣੇ ਹੁੰਦੇ। ਮੈਨੂੰ ਪਿੱਪਲ ਦੇ ਪੱਤੇ ਤੋੜ ਕੇ ਲਿਆਉਣ ਲਈ ਕਹਿੰਦੇ। ਪਿੱਪਲ ਦੇ ਪੱਤੇ ਨੂੰ ਰੋਲ ਕਰਕੇ ਤਵੇ ਉੱਤੇ ਬੜੇ ਸੁਆਦੀ ਪੂੜੇ ਤਲੇ ਜਾਂਦੇ। ਪੱਤਿਆਂ ਨਾਲ ਪੂੜੇ ਬਣਾਉਣ ਦੀ ਝਾਕੀ ਹੁਣ ਵੀ ਮਾਂ ਦੀ ਯਾਦ ਕਰਵਾ ਦੇਂਦੀ ਹੈ।

ਪਿੱਪਲ ਜਿਸ ਨੂੰ ਬ੍ਰਹਮਾ ਦਾ ਰੂਪ ਮੰਨਿਆ ਜਾਂਦਾ ਹੈ, ਸਾਡੀ ਸੰਸਕ੍ਰਿਤੀ ਨਾਲ ਬਹੁਤ ਗੂੜ੍ਹਾ ਸਬੰਧ ਰੱਖਦਾ ਹੈ। ਸਾਡੇ ਪੂਰਵਜ ਸਵੇਰੇ-ਸਵੇਰੇ ਇਸ ਨੂੰ ਪਾਣੀ ਦੇਣਾ ਪਵਿੱਤਰ-ਕਾਰਜ ਮੰਨਦੇ ਆਏ ਹਨ। ਇਹੋ ਵਿਸ਼ਵਾਸ ਹੋਵੇਗਾ ਜਿਸ ਦੇ ਸਦਕਾ ਮਨੁੱਖ ਨੂੰ ਰੁੱਖ ਨਾਲ ਨੇੜਤਾ ਰੱਖਣ ਦੀ ਪ੍ਰੇਰਨਾ ਮਿਲਦੀ ਰਹੀ ਤੇ ਉਸ ਦਾ ਕੁਦਰਤ ਨਾਲ ਮੁਹੱਬਤੀ ਰਿਸ਼ਤਾ ਜੁੜਿਆ। ਪਿੰਡਾਂ ਵਿੱਚ ਅਜੇ ਵੀ ਵਿਆਹੰਦੜ ਜੋੜੀ ਨੂੰ ਅਸੀਸ ਦੇਣ ਲਈ ਪਿੱਪਲੀ ਦਾ ਗੀਤ ਗਾ ਕੇ ਸ਼ਗਨ ਮਨਾਇਆ ਜਾਂਦਾ ਹੈ। ਇਸ ਪਿੱਪਲ ਦੇ ਪੱਤਿਆਂ ਰਾਹੀਂ ਪਤਾ ਨਹੀਂ ਕਿੰਨੀਆਂ

ਨਵ-ਵਿਆਹੀਆਂ ਜੋੜੀਆਂ ਨੂੰ ਅਸੀਸਾਂ ਪ੍ਰਾਪਤ ਹੋਈਆਂ ਹੋਣਗੀਆਂ। ਹੋਰ ਤਾਂ ਹੋਰ ਮੈਨੂੰ ਡਰਾਇੰਗ ਦੇ ਵਿਸ਼ੇ 'ਚ ਪਿੱਪਲ ਦਾ ਪੱਤਾ ਬਣਾਉਣਾ ਬੜਾ ਚੰਗਾ ਲਗਦਾ ਤੇ ਮੇਰੀ ਚਿੱਤਰਕਾਰੀ ਸਭ ਤੋਂ ਵਧੀਆ ਹੁੰਦੀ। ਮੈਂ ਕਦੇ-ਕਦੇ ਉਹ ਕਵਿਤਾ ਗੁਣ-ਗੁਣਾਉਣ ਲਗ ਪੈਂਦਾ:

"ਪਿੱਪਲ ਦੇ ਪੱਤਿਆ ਵੇ,
ਕੇਹੀ ਖੜ ਖੜ ਲਾਈ ਆ, ਢੋਲਾ,
ਪੱਤ ਝੜੇ ਪੁਰਾਣੇ ਵੇ,
ਰੁੱਤ ਨਵਿਆਂ ਦੀ ਆਈ ਆ, ਢੋਲਾ।"

ਮਨੁੱਖ ਦੇ ਜੀਵਨ ਤੇ ਪ੍ਰਕਿਰਤੀ ਦੇ ਪਰਿਵਰਤਨ ਦੀ ਪ੍ਰਕਿਰਿਆ ਦਾ ਇਹ ਸਿਲਸਿਲਾ ਮੈਨੂੰ ਬੜੀ ਦੇਰ ਬਾਅਦ ਸਮਝ ਆਇਆ। ਪਿੱਪਲ ਨੂੰ ਯਾਦ ਕਰਦਿਆਂ ਮੈਨੂੰ ਸ਼ਾਇਰ ਸੁਰਜੀਤ ਪਾਤਰ ਦੀ ਗ਼ਜ਼ਲ ਦਾ ਇਹ ਸ਼ਿਅਰ ਹੋਰ ਵੀ ਸਾਰਥਿਕ ਜਾਪਣ ਲਗ ਪੈਂਦਾ:

"ਬਲਦਾ ਬਿਰਖ਼ ਹਾਂ, ਖਤਮ ਹਾਂ, ਸ਼ਾਮ ਤੀਕ ਹਾਂ,
ਫਿਰ ਵੀ ਕਿਸੇ ਬਹਾਰ ਦੀ, ਕਰਦਾ ਉਡੀਕ ਹਾਂ।"

ਬਹੁਤ ਪੁਰਾਣੀ ਗੱਲ ਚੇਤੇ ਆ ਗਈ, ਜਦੋਂ ਮੇਰਾ ਇਕ ਮਿੱਤਰ ਮੈਨੂੰ ਰਾਤੀਂ ਮਿਲਣ ਆਇਆ। ਬਾਹਰਲੇ ਘਰ ਨੂੰ ਜਿੰਦਰਾ ਲੱਗਿਆ ਹੋਇਆ ਸੀ। ਉਹ ਵਾਪਸ ਚੰਡੀਗੜ੍ਹ ਮੁੜ ਗਿਆ। ਕੁਝ ਦਿਨਾਂ ਪਿੱਛੋਂ ਉਸ ਦਾ ਖ਼ਤ ਆਇਆ। ਖ਼ਤ ਦੀ ਉਹ ਇਬਾਰਤ ਮੈਨੂੰ ਅਜੇ ਤੀਕ ਵੀ ਭੁੱਲੀ ਨਹੀਂ। "ਮੁਸੇ-ਮੁਸੇ ਹਨੇਰੇ ਵਿੱਚ, ਮੈਂ ਤੇਰੇ ਪਿੱਪਲ ਨੂੰ ਚੁੰਮਣ ਦੇ ਕੇ ਮੁੜ ਗਿਆ-ਉਸ ਨੂੰ ਪੁੱਛ ਲਵੀਂ।" ਉਸ ਦਿਨ ਤੋਂ ਬਾਅਦ ਪਿੱਪਲ ਨਾਲ ਮੇਰੀ ਭਾਵਨਾਤਮਕ ਤੇ ਮਾਨਸਿਕ ਸਾਂਝ ਹੋਰ ਵੀ ਪੀਡੀ ਹੋ ਗਈ। ਪੁੱਛਣ ਵਾਲਿਆਂ ਨੂੰ ਮੈਂ ਕਹਿੰਦਾ ਕਿ ਪਿੱਪਲ ਵਾਲਾ ਸਾਡਾ ਘਰ ਹੈ। ਪਿੰਡਾਂ ਵਿੱਚ ਘਰਾਂ ਦੀ ਪਛਾਣ ਨੰਬਰਾਂ ਨਾਲ ਨਹੀਂ ਸੱਗੋਂ ਉਹਨਾਂ ਦੀ ਬਾਹਰਲੀ ਦਿੱਖ ਤੇ ਆਲੇ ਦੁਆਲੇ ਨਾਲ ਹੁੰਦੀ ਹੇ।

ਘਰ ਦੀ ਵੰਡੀ-ਵੰਡਾਈ ਹੋਈ। ਪਿੱਪਲ ਵੀ ਵੰਡਿਆ ਗਿਆ ਤੇ ਭਰਾ ਦੇ ਹਿੱਸੇ ਆਇਆ। ਉਸ ਨੂੰ ਮਕਾਨ ਦੀ ਉਸਾਰੀ ਕਰਨ ਲਈ, ਪਿੱਪਲ ਪੁਟਵਾਉਣਾ ਪਿਆ। ਮੈਨੂੰ ਬਹੁਤ ਅਫ਼ਸੋਸ ਹੋਇਆ। ਕਈ ਮਹੀਨੇ ਮੈਂ ਉਦਾਸ-ਉਦਾਸ ਰਿਹਾ। ਪਿੱਪਲ ਨਾਲ ਜੁੜਿਆ ਸੰਸਾਰ ਗੁਆਚ ਗਿਆ। ਉਸ ਦੀ ਸੰਘਣੀ ਛਾਂ, ਛਾਂਈ-

ਮਾਂਈ ਹੋ ਗਈ। ਉਸ ਦੀ ਅਣਹੋਂਦ ਨਾਲ ਕਿੰਨਾ ਕੁਝ ਗ਼ੈਰਹਾਜ਼ਰ ਹੋ ਗਿਆ। ਮੇਰੇ ਜ਼ਿਹਨ ਵਿੱਚ ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ 'ਰੁੱਖ' ਉਤਰਨ ਲਗਦੀ:

"ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ" 

ਕੁਝ ਰੁੱਖ ਮੇਰੇ ਬਾਬੇ ਵਾਕਣ
ਪੱਤਰ ਟਾਵਾਂ ਟਾਵਾਂ,
ਕੁਝ ਰੁੱਖ ਮੇਰੀ ਦਾਦੀ ਵਰਗੇ
ਚੂਰੀ ਪਾਵਣ ਕਾਂਵਾਂ,
ਕੁਝ ਰੁੱਖ ਯਾਰਾਂ ਵਰਗੇ ਲਗਦੇ
ਚੁੰਮਾਂ ਤੇ ਗਲ ਲਾਵਾਂ
..................
..................
ਰੁੱਖ ਤਾਂ ਮੇਰੀ ਮਾਂ ਵਰਗੇ ਨੇ
ਜਿਊਣ ਰੁੱਖਾਂ ਦੀਆਂ ਛਾਵਾਂ!!"

ਕਿੰਨੇ ਵਰ੍ਹੇ ਬੀਤ ਗਏ ਹਨ ਪਰੰਤੂ ਮੇਰੀ ਸੰਵੇਦਨਾ ਨੂੰ ਅਜੇ ਵੀ ਪਿੱਪਲ ਦੀ ਗੁਆਚੀ ਛਾਂ ਦਾ ਵਿਗੋਚਾ ਹੈ!!

*

# 10. ਮਾਂ ਅਤੇ ਸੁਹਾਂਜਣਾ

ਜਦੋਂ ਕਦੇ ਬੀਤਿਆ ਸਮਾਂ ਯਾਦ ਆਉਂਦਾ ਹੈ ਤਾਂ ਬਚਪਨ 'ਚ ਬੀਤੀਆਂ ਕਈ ਗੱਲਾਂ ਸਹਿਜੇ ਹੀ ਸਿਮਰਤੀ ਨੂੰ ਆ ਮੱਲਦੀਆਂ ਹਨ। ਮੈਨੂੰ ਸਾਡੇ ਘਰ ਦੇ ਵਿਹੜੇ 'ਚ ਲੱਗੇ ਕਈ ਰੁੱਖ ਯਾਦ ਆਉਣ ਲਗਦੇ ਹਨ। ਬੰਦਿਆਂ ਵਾਂਗ ਰੁੱਖਾਂ ਦੀ ਸਾਂਝ ਵੀ ਵਿਸਰਦੀ ਨਹੀਂ। ਵਿਹੜੇ ਦੇ ਆਲੇ ਦੁਆਲੇ ਕੱਚੀ ਕੰਧੜੀ ਵਗਲੀ ਹੋਈ ਸੀ। ਵਿਹੜੇ 'ਚ ਟਾਹਲੀ, ਕਿੱਕਰ ਤੇ ਨਿੰਮ ਦੇ ਰੁੱਖ ਹੁੰਦੇ ਸਨ।



ਪਿਤਾ ਜੀ ਦਸਦੇ ਸਨ ਕਿ ਨਿੰਮ ਦਾ ਰੁੱਖ ਹਵਾ ਦੀ ਸ਼ੁੱਧਤਾ ਲਈ ਲਾਭਕਾਰੀ ਹੁੰਦਾ ਹੈ ਤੇ ਕਈ ਰੋਗਾਂ ਲਈ ਵੀ ਕਾਰ-ਆਮਦ। ਕਿੱਕਰ ਦੀ ਸਖ਼ਤ ਲੱਕੜ ਬਾਲਣ ਲਈ ਤੇ ਕੋਲੇ ਬਣਾਉਣ ਲਈ ਸਭ ਤੋਂ ਚੰਗੀ ਮੰਨੀ ਜਾਂਦੀ ਹੈ। ਟਾਹਲੀ ਤਾਂ ਹੈ ਹੀ ਕੀਮਤੀ ਲੱਕੜ। ਲਾਲੀ ਵਾਲੀ ਟਾਹਲੀ ਦੀ ਲੱਕੜ ਤਾਂ ਨਿਰਾ ਸੋਨਾ ਸਮਝੀ ਜਾਂਦੀ ਹੈ। ਇਸ ਨੂੰ ਘੁਣ ਨਹੀਂ ਲਗਦਾ। ਸਾਜ਼ੋ-ਸ਼ਾਮਾਨ ਬਣਾਉਣ ਲਈ ਸਭ ਤੋਂ ਖਰੀ। ਹੁਣ ਇਸ ਰੁੱਖ ਦੀ ਲੱਕੜ ਦਾ ਜ਼ਿਕਰ ਲੋਕ-ਗੀਤਾਂ ਵਿੱਚ ਹੀ ਰਹਿ ਗਿਆ ਹੈ। ਹੁਣ ਤਾਂ ਹੋਰ ਕਈ ਕਿਸਮ ਦੀ ਲੱਕੜ ਸਾਡੀ ਵਰਤੋਂ ਵਿੱਚ ਆਉਣ ਲੱਗ ਪਈ ਹੈ।

ਵਿਹੜੇ ਵਿੱਚ ਪਿਤਾ ਜੀ ਨੇ ਕਈ ਵੇਰ ਵਿਸ਼ੇਸ਼ ਉੱਦਮ ਕਰ ਕੇ ਅੰਬ ਦਾ ਬੂਟਾ ਲਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਕਾਮਯਾਬੀ ਨਾ ਹੋਈ। ਪੁੱਤਰ ਪਾਲਣ ਵਾਂਗ ਅੰਬ ਦਾ ਬੂਟਾ ਲਾਉਣ ਨੂੰ ਵੱਡਾ ਕਰਮ ਸਮਝਿਆ ਜਾਂਦਾ ਹੈ-ਸਿਆਣਿਆਂ ਦਾ ਇਹ ਕਥਨ ਹੈ। ਸਾਡੀ ਵੀ ਚਾਹਨਾ ਹੁੰਦੀ ਸੀ ਕਿ ਸਾਡੇ ਵਿਹੜੇ ਅੰਬ ਦਾ ਬੂਟਾ ਹੋਵੇ। ਫਲ ਦੇਵੇ ਤੇ ਰਸ ਮਾਣੀਏ। ਪਰ ਸਭੇ ਰੀਝਾਂ ਕਦ ਪੂਰੀਆਂ ਹੁੰਦੀਆਂ ਹਨ।

ਵਿਹੜੇ ਵਿੱਚ ਕਈ ਵੇਰ ਕੋਈ ਸਬਜ਼ੀ ਉਗਾਈ ਜਾਂਦੀ। ਘਰ ਉਗਾਈ ਸਬਜ਼ੀ ਦਾ ਆਪਣਾ ਹੀ ਸਆਦ ਆਉਂਦਾ। ਮਾਤਾ ਜੀ ਨੂੰ ਪਾਲਕ ਬੀਜਣ ਦਾ ਸ਼ੌਕ ਹੁੰਦਾ ਸੀ। ਕਹਿੰਦੇ ਨੇ ਕਈ ਬੰਦਿਆਂ ਦੇ ਹੱਥ ਜਸ ਹੁੰਦਾ ਹੈ, ਪੁੱਠੇ ਹੱਥ ਨਾਲ ਕੀਤਾ ਕੰਮ ਵੀ ਰਾਸ ਆ ਜਾਂਦਾ ਹੈ। ਮਾਤਾ ਜੀ ਦੇ ਹੱਥ ਨਾਲ ਬੀਜੀ ਪਾਲਕ ਛੇਤੀ ਸਰਸਬਜ਼ ਹੋਈ ਭਾਅ ਮਾਰਨ ਲਗ ਪੈਂਦੀ। ਮੈਨੂੰ ਮਾਤਾ ਜੀ ਦੇ ਹੱਥਾਂ ਦੀ ਬਰਕਤ ਹੁਣ ਵੀ ਚੇਤੇ ਆ ਜਾਂਦੀ ਹੈ। ਚੁੱਲ੍ਹੇ 'ਤੇ ਕੋਈ ਵੀ ਚੀਜ਼ ਤਿਆਰ ਕਰਨ ਵੇਲੇ ਉਹਨਾਂ ਨੇ ਕਦੇ ਕੋਈ ਗਿਣਤੀ-ਮਿਣਤੀ ਨਹੀਂ ਸੀ ਕੀਤੀ। ਬੱਸ ਅੰਦਾਜ਼ੇ ਨਾਲ ਹੀ ਚੁਟਕੀਆਂ ਭਰ ਕੇ ਲੂਣ-ਮਿਰਚ-ਹਲਦੀ ਪਾ ਦੇਣੀ। ਜਾਂ ਕੋਈ ਮਿੱਠੀ ਚੀਜ਼ ਤਿਆਰ ਕਰਨ ਵੇਲੇ ਗੁੜ, ਸ਼ੱਕਰ ਜਾਂ ਖੰਡ ਪਾ ਦੇਣੀ ਤੇ ਚੀਜ਼ ਪੂਰੀ ਸੁਆਦੀ ਬਣੀ ਹੋਣੀ। ਮਿੱਠੀ ਪੂਰੀ ਮਿੱਠੀ, ਸਲੂਣੀ ਪੂਰੀ ਸਲੂਣੀ। ਚਮਚੇ ਜਾਂ ਕੜਛੀ ਦੀ ਤਾਂ ਜਿਵੇਂ ਲੋੜ ਹੀ ਨਹੀਂ ਸੀ ਜਾਪਦੀ। ਹੱਥਾਂ ਦੀ ਛੂਹ 'ਚ ਹੀ ਪੂਰਾ ਹੁਨਰ ਸੀ। ਹੁਣ ਮਹਿਸੂਸ ਹੁੰਦਾ ਹੈ ਕਿ ਹਰ ਖੇਤਰ ਵਿੱਚ ਮਿਹਨਤ ਤੇ ਕਸਬ ਦਾ ਆਪਣਾ ਮੁਕਾਮ ਹੁੰਦਾ ਹੈ ਜਦੋਂ ਸਹਿਜ ਅਤੇ ਸਲੀਕਾ ਤੁਹਾਡੀ ਸਖ਼ਸ਼ੀਅਤ ਦਾ ਅੰਗ ਬਣ ਜਾਂਦੇ ਹਨ।

ਮੁੜ ਰੁੱਖਾਂ ਦੀ ਗੱਲ ਕਰਦਿਆਂ-ਕਰਦਿਆਂ ਮੈਨੂੰ ਵਿਹੜੇ ਦੀ ਇਕ ਨੁੱਕਰੇ ਕੰਧ ਦੀ ਕੁੱਛੜ ਖੜੋਤਾ ਸੁਹਾਂਜਣੇ ਦਾ ਰੁੱਖ ਕਦੇ ਨਹੀਂ ਭੁੱਲਿਆ। ਸ਼ਾਇਦ ਇਹ ਰੁੱਖ ਸਾਡੇ ਪਿੰਡ ਦਾਉਂ ਵਿੱਚ ਇਕਲੋਤਾ ਸੀ। ਉਹ ਵੀ ਸਾਡੇ ਵਿਹੜੇ ਜੰਮਿਆ ਪਲਿਆ। ਕਦੋਂ ਤੇ ਕਿਸ ਨੇ ਇਸ ਨੂੰ ਲਾਇਆ। ਇਸ ਬਾਰੇ ਕਦੇ ਪੁੱਛਣ ਦੀ ਲੋੜ ਹੀ ਮਹਿਸੂਸ ਨਹੀਂ ਹੋਈ। ਮੈਨੂੰ ਇਸ ਰੁੱਖ ਦਾ ਨਾਂ ਹੀ ਬੜਾ ਪਿਆਰਾ ਲਗਦਾ 'ਸੁਹਾਂਜਣਾ'। ਸੁਹਾਂਜਣਾ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਸ਼ੋਭਾਜਨਕ

ਮਨਮੋਹਕ ਨਾਂ ਜਿਵੇਂ ਕਿਸੇ ਗਹਿਣੇ ਦਾ ਨਾਂ ਹੋਵੇ ਜਾਂ ਕਿਸੇ ਸਾਜ਼-ਸੰਗੀਤ ਦਾ ਨਾਂ ਹੋਵੇ। ਟੁਣਕਵਾਂ ਤੇ ਸੰਗੀਤਮਈ। ਕਵਿਤਾ ਦੇ ਸ਼ਿੰਗਾਰ-ਰਸ ਵਰਗਾ।

ਸ਼ਿਵਾਲਿਕ ਦੀਆਂ ਪਹਾੜੀਆਂ 'ਤੇ ਉੱਗਣ ਵਾਲਾ ਇਹ ਰੁੱਖ-ਸਾਡੇ ਵਿਹੜੇ ਦਾ ਸ਼ਿੰਗਾਰ ਬਣਿਆ। ਸਰਦੀ ਦੀ ਰੁੱਤੇ ਜਨਵਰੀ ਮਹੀਨੇ ਇਸ ਨੂੰ ਗੁੱਛੇਦਾਰ ਫੁੱਲ ਲਗਦੇ। ਗੁੱਛਿਆਂ ਨਾਲ ਟਹਿਣੀਆਂ ਲਿਫਣ-ਲਿਫਣ ਕਰਨ ਲਗਦੀਆਂ। ਫੁੱਲਾਂ ਦੀ ਵੱਖਰੀ ਹੀ ਭਿੰਨੀ-ਭਿੰਨੀ ਮਹਿਕ ਆਉਂਦੀ। ਕੂਲੀਆਂ-ਕੂਲੀਆਂ ਨਰਮ ਟਹਿਣੀਆਂ ਨੂੰ ਚਿੱਟੇ ਫੁੱਲ ਮੈਨੂੰ ਔਰਤ ਦੇ ਕੰਨੀਂ ਲਮਕਦੇ ਬੁੰਦਿਆਂ ਦੀ ਤਰ੍ਹਾਂ ਲਗਦੇ। ਮਾਤਾ ਜੀ ਮੈਨੂੰ ਇਸ ਦੇ ਫੁੱਲ ਤੋੜ ਕੇ ਲਿਆਉਣ ਲਈ ਆਖਦੇ। ਨਾਲ ਹੀ ਹਦਾਇਤ ਕਰਦੇ ਕਿ ਵੇਖੀਂ ਸੁਹਾਂਜਣੇ ਦੇ ਮੁੱਢ 'ਤੇ ਖੜੋਕੇ ਹੀ ਫੁੱਲ ਤੋੜੀਂ। ਇਸ ਦੀ ਗਿੱਲੀ ਲੱਕੜ ਬਹੁਤ ਹੀ ਕੱਚੀ ਹੁੰਦੀ ਹੈ। ਟਹਿਣੀਆਂ ਝੱਟ ਟੁੱਟ ਜਾਂਦੀਆਂ ਹਨ। ਮੈਂ ਮਾਤਾ ਜੀ ਦੀ ਆਖੀ ਗੱਲ ਦਾ ਖਿਆਲ ਰੱਖਦਾ। ਪਰ ਮੇਰਾ ਬਾਲ-ਮਨ ਚਾਹੁੰਦਾ ਕਿ ਸੁਹਾਂਜਣੇ ਦੀਆਂ ਲਿਫ-ਲਿਫ ਕਰਦੀਆਂ ਟਹਿਣੀਆਂ ਨਾਲ ਲਮਕ ਜਾਵਾਂ। ਪਰੰਤੂ ਥੱਲੇ ਡਿੱਗਣ ਤੋਂ ਡਰਦਾ, ਇੰਜ ਨਾ ਕਰਦਾ। ਸੰਭਲ-ਸੰਭਲ ਕੇ ਫੁੱਲ ਤੋੜ ਲੈਂਦਾ।

ਸੁਹਾਂਜਣੇ ਦੇ ਫੁੱਲਾਂ ਨੂੰ ਉਬਾਲ ਕੇ ਮਾਤਾ ਜੀ ਭੁਰਜੀ (ਸਬਜ਼ੀ) ਤਿਆਰ ਕਰਦੇ। ਬੈਅ-ਬਾਦੀ ਤੋਂ ਰਾਹਤ ਲਈ ਇਸ ਦੇ ਫੁੱਲਾਂ ਦੀ ਸਬਜ਼ੀ ਗੁਣਕਾਰੀ ਹੁੰਦੀ। ਕਦੇ-ਕਦੇ ਅੰਡਿਆਂ ਦੀ ਭੁਰਜੀ ਵਰਗੀ ਲਗਦੀ। ਫਰਵਰੀ ਦੇ ਮਹੀਨੇ ਇਸ ਦੀਆਂ ਫਲੀਆਂ ਫੁੱਟ ਡੇਢ ਫੁੱਟ ਲੰਮੀਆਂ ਲਮਕਣ ਲਗਦੀਆਂ। ਫਲੀਆਂ ਤੇ ਝਿਰੀਆਂ (ਲਕੀਰਾਂ) ਹੁੰਦੀਆਂ। ਮਾਤਾ ਜੀ ਫਲੀਆਂ ਦਾ ਆਚਾਰ ਬਣਾਉਂਦੇ। ਵੈਦ-ਹਕੀਮ ਦੱਸਦੇ ਕਿ ਇਸ ਦੀ ਜੜ੍ਹ ਮਸਾਲਿਆਂ ਵਿੱਚ ਜਾਂ ਖਾਣਾ ਸੁਆਦੀ ਬਣਾਉਣ ਲਈ ਵਰਤੀ ਜਾਂਦੀ ਹੈ। ਇਸ ਦੀ ਲੱਕੜ ਕਪੜੇ ਦੇ ਕਾਰਖਾਨਿਆਂ

ਵਿੱਚ 'ਸ਼ਟਲ' ਬਣਾਉਣ ਲਈ ਵਰਤੀ ਜਾਂਦੀ ਹੈ। ਇਸ ਦੇ ਬੀਜ ਕਈ ਦੁਆਈਆਂ ਵਿੱਚ ਵਰਤੇ ਜਾਂਦੇ ਹਨ। ਪੱਤੇ ਪਸ਼ੂਆਂ ਦੇ ਹਰੇ-ਚਾਰੇ ਲਈ ਕੰਮ ਆਉਂਦੇ ਹਨ। ਇਸ ਨੂੰ ਲੱਗਣ ਵਾਲਾ ਲਾਲ ਰੰਗ ਦਾ ਗੂੰਦ ਕਈ ਰੋਗ ਦੂਰ ਕਰਨ ਲਈ ਵਰਤਿਆ ਜਾਂਦਾ ਹੈ। ਇਸ ਦਾ ਰਸ ਕਈ ਕੰਮ ਆਉਂਦਾ ਹੈ। ਭਾਵ ਇਸ ਰੁੱਖ ਦਾ ਹਰ ਹਿੱਸਾ ਮਨੁੱਖ ਦੇ ਭਲੇ ਲਈ ਕੰਮ ਆਉਦਾ ਹੈ। ਰੁੱਖਾਂ ਦੀ ਮਨੁੱਖ ਲਈ ਮਹੱਤਤਾ ਯਾਦ ਆਉਂਦਿਆਂ ਹੀ ਕਈ ਲੋਕ-ਗੀਤ ਵੀ ਚੇਤੇ ਆਏ ਬਿਨਾਂ ਨਹੀਂ ਰਹਿੰਦੇ:

"ਰੁੱਖ ਬੋਲ ਨਾ ਸਕਦੇ ਭਾਵੇਂ,
ਬੰਦਿਆਂ ਦੇ ਦੁੱਖ ਜਾਣਦੇ।"

ਕਦੇ-ਕਦੇ ਮੈਨੂੰ ਸੁਹਾਂਜਣਾ ਦਰਵੇਸ਼ ਪੁਰਸ਼ ਵਾਂਗ ਚੁੱਪ-ਚਾਪ ਖੜੋਤਾ ਜਾਪਦਾ। ਮਾਤਾ ਜੀ ਕਹਿੰਦੇ ਹੁੰਦੇ ਸਨ ਕਿ ਮਨੁੱਖ ਦਾ ਸੁਭਾਅ ਸੁਹਾਂਜਣੇ ਦੀ ਟਹਿਣੀ ਵਰਗਾ ਨਰਮ ਹੋਣਾ ਚਾਹੀਦਾ ਹੈ ਤੇ ਬੰਦੇ ਨੂੰ ਸੁਹਾਂਜਣੇ ਦੇ ਹਰ ਹਿੱਸੇ ਵਾਂਗ ਗੁਣਾਂ ਨਾਲ ਭਰਪੂਰ ਹੋਣਾ ਚਾਹੀਦਾ ਹੈ ਤਾਂ ਜੋ ਲੋੜਵੰਦਾਂ ਦੇ ਕੰਮ ਆਉਂਦਾ ਰਹੇ। ਸੁਹਾਂਜਣੇ ਦਾ ਉਹ ਰੁੱਖ ਨਹੀਂ ਰਿਹਾ ਪਰੰਤੂ ਉਸ ਨਾਲ ਜੁੜਿਆ ਮੇਰੇ ਬਚਪਨ ਦਾ ਅਨੁਭਵ ਮੇਰੇ ਅੰਦਰ ਮੌਲਦਾ ਰਹਿੰਦਾ ਹੈ।

*

# 11. ਸਰੀਂਹ ਅਤੇ ਬਚਪਨ-ਯਾਦਾਂ

ਜਦੋਂ ਕਦੇ ਬਚਪਨ ਦੀਆਂ ਸਿਮਰਤੀਆਂ ਯਾਦਾਂ ਦੇ ਬੂਹੇ ਖੜਕਾਉਂਦੀਆਂ ਹਨ ਤਾਂ ਮੈਨੂੰ ਆਪਣੇ ਪਿੰਡ ਦੇ ਟੋਭੇ ਦੇ ਕਿਨਾਰੇ ਖੜੋਤਾ ਸਰੀਂਹ ਦਾ ਰੁੱਖ ਜ਼ਰੂਰ ਯਾਦ ਆਉਂਦਾ ਹੈ। ਸਾਡੇ ਪਿੰਡ ਸਰੀਂਹ ਦਾ ਇਹ ਇਕੋ ਰੁੱਖ ਹੁੰਦਾ ਸੀ। ਹੁਣ ਨਾ ਤਾਂ ਟੋਭੇ ਦੀ ਉਹ ਪਾਲ ਰਹੀ ਅਤੇ ਨਾ ਹੀ ਉਹ ਸਰੀਂਹ ਦਾ ਰੁੱਖ, ਜਿੱਥੇ ਅਸੀਂ ਬਚਪਨ ਵਿੱਚ ਖੇਡਦੇ ਹੁੰਦੇ ਸੀ। ਇਹ ਸਰੀਂਹ ਪਿੰਡ ਦੇ ਖੂਹ ਦੇ ਨੇੜੇ ਹੀ ਹੁੰਦਾ ਸੀ, ਪਿੰਡ ਦੇ ਵੱਡੇ ਦਰਵਾਜੇ ਵੱਲ।



ਬਚਪਨ ਦੀ ਗੱਲ ਕਰਨ ਤੋਂ ਪਹਿਲਾਂ ਮੈਂ ਇਹ ਗੱਲ ਦੱਸਣੀ ਚਾਹੁੰਦਾ ਹਾਂ ਕਿ ਸਰੀਂਹ ਸ਼ਬਦ ਦਾ ਮੂਲ ਸੰਸਕ੍ਰਿਤ ਹੈ। ਇਸ ਦਾ ਹੋਰ ਨਾਂ 'ਸਿਰਿਸ' ਵੀ ਹੈ। ਅੰਗਰੇਜ਼ੀ ਵਿਚ ਇਸ ਦਾ ਵਿਗਿਆਨਕ ਨਾਂ 'ਅਲਬੀਜ਼ੀਆ ਲੇਬੈਕ' ਹੈ।

ਇਮਾਰਤੀ ਸਾਮਾਨ ਬਣਾਉਣ ਲਈ ਇਸ ਦੀ ਲੱਕੜ ਉੱਤਮ ਦਰਜੇ ਦੀ ਮੰਨੀ ਗਈ ਹੈ। ਕੋਹਲੂ, ਘੁਲਾੜੀ ਤੇ ਖੂਹ ਦੀ ਮੌਣ ਅਤੇ ਬੁੱਤਸਾਜ਼ੀ ਲਈ ਇਸ ਦੀ ਕਾਠ ਬਹੁਤ ਪਸੰਦ ਕੀਤੀ ਜਾਂਦੀ ਹੈ। ਪਰੰਤੂ ਹੁਣ ਕੋਹਲੂ, ਘੁਲਾੜੀ ਤੇ ਖੂਹ ਦੀ ਮੌਣ ਨੂੰ ਕੌਣ ਜਾਣਦਾ ਹੈ। ਜੀਵਨ ਵਿੱਚ ਤਬਦੀਲੀ ਆਉਣ ਨਾਲ ਇਹ ਪੁਰਾਣੇ ਸਭਿਆਚਾਰ ਦੀਆਂ ਵਸਤਾਂ ਹੀ ਬਣ ਕੇ ਰਹਿ ਗਈਆਂ ਹਨ।

ਸਰੀਂਹ ਦੀ ਲਾਲ-ਭੂਰੀ ਗੂੰਦ ਕਈ ਦਵਾਈਆਂ ਵਿੱਚ ਕੰਮ ਆਉਂਦੀ ਹੈ। ਇਸ ਦਾ ਸੱਕ ਮੱਛੀਆਂ ਫੜਨ ਵਾਲੇ ਜਾਲ ਰੰਗਣ ਲਈ ਵਰਤਿਆ ਜਾਂਦਾ ਹੈ। ਇਸ ਰੁੱਖ ਦੇ ਪੱਤੇ ਤੇ ਕੂਲੀਆਂ-ਕੂਲੀਆਂ ਟਾਹਣੀਆਂ ਪਸ਼ੂਆਂ ਦੇ ਚਾਰੇ ਲਈ ਪਸੰਦ ਕੀਤੀਆਂ ਜਾਂਦੀਆਂ ਹਨ। ਇਸ ਰੁੱਖ ਨੂੰ ਖ਼ੁਸ਼ਬੂਦਾਰ ਡੰਡੀਦਾਰ ਚੌਰੀ ਵਰਗੇ ਚਿੱਟੇ-ਕੇਸਰੀ(ਪੀਲੇ) ਫੁੱਲ ਲਗਦੇ ਹਨ। ਮੈਨੂੰ ਇਸ ਦੇ ਫੁੱਲ ਚੌਰੀ (ਚੌਰ) ਵਰਗੇ ਹੋਣ ਕਾਰਨ ਬਹੁਤ ਪਿਆਰੇ ਲਗਦੇ। ਫੁੱਲ ਅਪਰੈਲ ਤੋਂ ਅਗਸਤ ਤੱਕ ਰਹਿੰਦੇ ਹਨ। ਇਸ ਨੂੰ ਲੰਮੀਆਂ ਸੁਨਹਿਰੀ ਫਲੀਆਂ ਸਤੰਬਰ-ਨਵੰਬਰ ਤੱਕ ਲਗਦੀਆਂ ਹਨ। ਇਸ ਦੀਆਂ ਫਲੀਆਂ ਦੀ ਆਭਾ ਉਦੋਂ ਹੋਰ ਵੀ ਮਨਮੋਹਕ ਹੁੰਦੀ ਹੈ ਜਦੋਂ ਹਵਾ ਦੇ ਰੁਮਕਾਣ ਨਾਲ ਇਸ ਦੀਆਂ ਲਮਕਦੀਆਂ ਸੁੱਕੀਆਂ ਫਲੀਆਂ ਹਵਾ ਵਿੱਚ ਮਿੱਠਾ-ਮਿੱਠਾ ਸੰਗੀਤ ਭਰਦੀਆਂ ਹਨ, ਉਦੋਂ ਪੱਤੇ ਝੜ ਜਾਂਦੇ ਹਨ ਕੇਵਲ ਫਲੀਆਂ ਦੀ ਸੁੰਦਰਤਾ ਬੜੀ ਆਕਰਸ਼ਿਕ ਹੁੰਦੀ ਹੈ। ਇਸ ਦੀਆਂ ਸੁੱਕੀਆਂ ਫਲੀਆਂ 'ਚੋਂ ਬੀਜ ਕੱਢ ਕੇ ਕਈ ਮਾਵਾਂ ਆਪਣੇ ਬੱਚਿਆਂ ਦੇ ਗਲੇ ਵਿੱਚ ਪਰੋ ਕੇ ਪਾਉਂਦੀਆਂ ਹੁੰਦੀਆਂ ਸਨ।

ਰੁੱਖਾਂ ਨਾਲ ਮਨੁੱਖੀ ਸਾਂਝ ਆਦਿ-ਕਾਲ ਤੋਂ ਤੁਰੀ ਆ ਰਹੀ ਹੈ। ਇਹਨਾਂ ਦਾ ਸਾਡੇ ਸਭਿਆਚਾਰ ਨਾਲ ਗੂੜ੍ਹਾ ਰਿਸ਼ਤਾ ਚਲਿਆ ਆ ਰਿਹਾ ਹੈ। ਮੈਨੂੰ ਸਰੀਂਹ ਸ਼ਬਦ ਵੀ ਸਾਂਝਾ ਵੰਡਦਾ ਲਗਦਾ ਹੈ। ਇਸ ਸ਼ਬਦ ਵਿੱਚ ਇਕ ਕਾਵਿਕ-ਲੈਅ ਹੈ। ਕਈ ਸ਼ਬਦ ਏਨੇ ਅਰਥ-ਭਰਪੂਰ ਹੁੰਦੇ ਹਨ ਕਿ ਉਹਨਾਂ ਵਿੱਚ ਸੰਗੀਤ, ਚਿੱਤਰ ਸ਼ੈਲੀ ਤੇ ਰੰਗਾਂ ਵਰਗੀ ਖਿੱਚ ਹੁੰਦੀ ਹੈ। ਗੱਲ ਤਾਂ ਸੋਚਣ ਤੇ ਪਰਖਣ ਦੀ ਹੈ।

ਗੱਲ ਤਾਂ ਮੈਂ ਬਚਪਨ ਦੀਆਂ ਯਾਦਾਂ ਤੋਂ ਆਰੰਭ ਕੀਤੀ ਸੀ। ਮੁੜ ਬੀਤੇ ਨੂੰ ਚਿਤਵਦਿਆਂ, ਮੈਨੂੰ ਇਹ ਰੁੱਖ ਮੁੜ ਯਾਦ ਆਉਣ ਲਗਦਾ ਹੈ। ਅਸੀਂ ਸਾਰੇ ਹਾਣੀ ਇਸ ਰੁੱਖ ਥੱਲੇ ਖੇਡਣ ਲਗਦੇ। ਪੇਂਡੂ ਖੇਡਾਂ ਗੁੱਲੀ-ਡੰਡਾ, ਪੀਚੋ, ਪੀਲ-ਪਲਾਂਗੜਾ, ਕਾਠ-ਕਠੋਲੀ ਆਦਿ ਇਸ ਦੇ ਨੇੜੇ-ਤੇੜੇ ਖੇਡਦੇ ਰਹਿੰਦੇ। ਕਈ ਆੜੀ ਇਸ ਦੀਆਂ ਟਾਹਣੀਆਂ 'ਤੇ ਚੜ੍ਹਕੇ ਟੋਭੇ ਵਿੱਚ ਛਾਲਾਂ ਮਾਰਦੇ। ਬੱਚਿਆਂ

ਨੂੰ ਇਹ ਰੁੱਖ ਪਿਆਰਾ ਲਗਦਾ। ਸਾਡੀ ਖੇਡਣ ਥਾਂ ਹੋਣ ਕਾਰਨ, ਇਸ ਨਾਲ ਸਾਡੀ ਗੂੜ੍ਹੀ ਸਾਂਝ ਸੀ। ਅਸੀਂ ਅਕਸਰ ਇੱਕ ਦੂਜੇ ਨੂੰ ਬੁਲਾਉਣ ਲਈ ਇਸ ਰੁੱਖ ਦੀ ਥਾਂ ਦਾ ਪਤਾ ਦਿੰਦੇ। ਇਹ ਸਾਡੀਆਂ ਉਮੰਗਾਂ ਦੀ ਤਰਜਮਾਨੀ ਕਰਦਾ ਲਗਦਾ। ਕਿਸੇ ਬਜ਼ੁਰਗ ਵਾਂਗ ਇਸ ਦੀ ਹਾਜ਼ਰੀ ਗੁਆਹੀ ਭਰਦੀ। ਸੱਚਮੁੱਚ ਰੁੱਖ ਤੇ ਮਨੁੱਖ ਕਦੇ ਵੱਖ ਹੋ ਹੀ ਨਹੀਂ ਸਕਦੇ।

ਸਾਡੀ ਖੇਡ ਉਦੋਂ ਬੰਦ ਹੋ ਜਾਂਦੀ ਜਦੋਂ ਇਸ ਰੁੱਖ ਦੇ ਟਾਹਣੇ ਨਾਲ ਪਿੰਡ ਵਿੱਚ ਕਿਸੀ ਦੀ ਮ੍ਰਿਤੂ ਹੋਣ 'ਤੇ ਪਾਣੀ ਦਾ ਇੱਕ ਘੜਾ ਟੰਗ ਦਿੱਤਾ ਜਾਂਦਾ। ਕਈ ਦਿਨ ਉਹ ਘੜਾ ਟੂੰਗਿਆ ਰਹਿੰਦਾ। ਹਿੰਦੂ ਰਸਮਾਂ ਅਨੁਸਾਰ ਵਿਛੜੀ-ਆਤਮਾ ਨੂੰ ਕੁੰਭ-ਜਲ ਦੀ ਰਸਮ ਅਦਾ ਕੀਤੀ ਜਾਂਦੀ। ਅਸੀਂ ਡਰਦੇ ਮਾਰੇ ਇਸ ਰੁੱਖ ਥੱਲੇ ਖੇਡਣ ਨਾ ਜਾਂਦੇ। ਸਾਡਾ ਖੇਡਣ ਬੰਦ ਹੋ ਜਾਂਦਾ। ਪਿੱਤਰਾਂ ਨੂੰ ਪਾਣੀ (ਜਲ) ਅਰਪਿਤ ਕਰਨ ਦੀ ਇਸ ਰਸਮ ਬਾਰੇ ਸਾਨੂੰ ਕੋਈ ਸਮਝ ਨਾ ਹੁੰਦੀ। ਸਾਨੂੰ ਮੋਏ ਬੰਦੇ ਦੀਆਂ ਗੱਲਾਂ ਕਰਨ ਤੋਂ ਵੀ ਡਰ ਆਉਂਦਾ। ਸਰੀਂਹ ਦੇ ਟਾਹਣ ਨਾਲ ਟੰਗਿਆ ਘੜਾ ਸਾਡੇ ਲਈ ਭੈਅ ਦਾ ਸੂਚਕ ਹੁੰਦਾ। ਬੱਚਿਆਂ ਨੂੰ ਤਾਂ ਆਪਣੀ ਖੇਡ ਪਿਆਰੀ ਹੁੰਦੀ। ਕੋਈ ਬਜ਼ੁਰਗ ਸਾਨੂੰ ਉਸ ਘੜੇ ਬਾਰੇ ਤਾੜਨਾ ਕਰ ਜਾਂਦਾ। ਅਸੀਂ ਹੋਰ ਵੀ ਸਹਿਮ ਜਾਂਦੇ। ਘੜੇ ਦੇ ਥੱਲਿਓਂ ਛੇਕ ਰਾਹੀਂ ਮੁੰਜ (ਬੱਬੜ) ਦੀ ਰੱਸੀ ਰਾਹੀਂ ਪਾਣੀ ਥੱਲੇ ਟਪਕਦਾ ਰਹਿੰਦਾ। ਅਸੀਂ ਉਸ ਪਾਣੀ ਨੂੰ ਛੂਹਣ ਦਾ ਹੀਆ ਵੀ ਨਾ ਕਰਦੇ। ਪਾਣੀ ਤਾਂ ਅਕਸਰ ਪਾਣੀ ਹੀ ਹੁੰਦਾ ਪਰੰਤੂ ਸਾਡੇ ਦਿਲਾਂ ਵਿੱਚ ਮੋਏ ਬੰਦੇ ਬਾਰੇ ਕਈ ਕਿਸਮ ਦੇ ਖਿਆਲ ਆਉਂਦੇ।

ਬੱਚਿਆਂ ਨੂੰ ਮੌਤ ਅਤੇ ਜੀਵਨ ਬਾਰੇ ਦੱਸਣ ਦੀ ਵਿਹਲ ਕੌਣ ਕੱਢਦਾ? ਸ਼ਾਇਦ ਬਜ਼ੁਰਗ ਇਹ ਸੋਚਦੇ ਹੋਣ ਕਿ ਬੱਚਿਆਂ ਨੂੰ ਇਹਨਾਂ ਗੱਲਾਂ ਬਾਰੇ ਦੱਸਣ ਦੀ ਲੋੜ ਹੀ ਕੀ ਹੈ। ਅਸੀਂ ਇਨ੍ਹਾਂ ਗੱਲਾਂ ਤੋਂ ਅਣਜਾਣ ਹੁੰਦੇ। ਦਿਨ ਲੰਘ ਜਾਂਦੇ। ਉਹ ਘੜਾ ਟਾਹਣ ਤੋਂ ਲਾਹ ਕੇ ਟੋਭੇ ਵਿੱਚ ਜਲ-ਪ੍ਰਵਾਹ ਕਰ ਦਿੱਤਾ ਜਾਂਦਾ ਤੇ ਸਾਨੂੰ ਖ਼ੁਸ਼ੀ ਹੁੰਦੀ ਕਿ ਅਸੀਂ ਹੁਣ ਸਰੀਂਹ ਥੱਲੇ ਮੁੜ ਖੇਡ ਸਕਾਂਗੇ। ਸਾਨੂੰ ਸਭ ਕੁਝ ਭੁੱਲ ਜਾਂਦਾ, ਆਪਣੀਆਂ ਖੇਡਾਂ ਵਿਚ ਮੁੜ ਪਰਚ ਜਾਂਦੇ। ਸਰੀਂਹ ਉਵੇਂ ਹੀ ਪਿਆਰਾ-ਪਿਆਰ ਲੱਗਣ ਲਗਦਾ। ਉਸ ਦਾ ਸਾਵਾ-ਸੁਹੱਪਣ ਉਂਜ ਹੀ ਖ਼ਾਮੋਸ਼ੀ ਦੇ ਆਲਮ ਵਿੱਚ ਸਾਨੂੰ ਸੁਣਦਾ ਲਗਦਾ। ਕਦੇ-ਕਦੇ ਅਸੀਂ ਉਸ ਨਾਲ ਗੱਲਾਂ ਕਰਦੇ, ਜੋ ਦਿਲ ਆਉਂਦਾ ਕਹਿੰਦੇ। ਬਚਪਨ ਦੀ ਨਿਰਛੱਲਤਾ ਮੁੜ ਕਦੋਂ ਮਿਲਦੀ ਹੈ। ਇੰਜ ਸੋਚਦਿਆਂ ਮੈਨੂੰ ਸ਼ਰੀਂਹ ਦੀ ਯਾਦ ਆਉਣ ਲਗਦੀ ਹੈ।

*

# 12. ਬਿਰਖ਼ਾਂ ਦੀ ਮਹਿਮਾ

ਕਹਿੰਦੇ ਨੇ ਆਦਿ-ਮਨੁੱਖ, ਬਿਰਖ਼ ਨੂੰ ਸੰਬੋਧਨ ਹੋਇਆ ਤੇ ਉਸ ਦੀ ਪੂਜਾ ਕੀਤੀ। ਰੁੱਖ, ਮਨੁੱਖ ਦੇ ਮੰਦਰਾਂ ਵਾਂਗ ਉਸ ਦੇ ਪੂਜਨੀਕ ਦੇਵਤੇ ਹਨ। ਰੁੱਖਾਂ ਥੱਲੇ ਹੀ ਉਹ ਧਾਰਮਿਕ ਰਸਮਾਂ ਕਰਦਾ ਹੁੰਦਾ ਸੀ। ਰੁਮਕਦੀ ਹਵਾ, ਰੁੱਖਾਂ ਦੇ ਪੱਤਿਆਂ 'ਚ ਸੰਗੀਤ ਭਰ ਦਿੰਦੀ। ਕੁਝ ਰੁੱਖ ਤਾਂ ਉਸ ਦੇ ਪੂਜਣਯੋਗ ਦੇਵਤੇ ਬਣ ਗਏ। ਦੁਨੀਆਂ ਦੇ ਸਾਰੇ ਦੇਸਾਂ ਵਿੱਚ ਆਦਿ-ਮਨੁੱਖ ਰੁੱਖਾਂ ਨੂੰ ਪੂਜਦਾ ਰਿਹਾ ਹੈ। ਇਸੇ ਕਰਕੇ ਰੁੱਖਾਂ ਦੀ ਪੂਜਾ ਨਾਲ ਮਨੁੱਖ ਦੇ ਪੁਰਾਣੇ ਵਿਸ਼ਵਾਸ ਜੁੜੇ ਹੋਏ ਹਨ। ਇਹੋ ਵਿਸ਼ਵਾਸ ਉਸ ਦੀ ਸੰਸਕ੍ਰਿਤੀ ਦਾ ਹਿੱਸਾ ਬਣੇ।



ਰੁੱਖਾਂ ਨਾਲ ਸਾਨੂੰ ਆਪਣੇ ਸਭਿਆਚਾਰ ਦੇ ਨਕਸ਼ ਤੇ ਮੁਹਾਂਦਰੇ ਦੀ ਪਛਾਣ ਕਰਕੇ ਅਪਣੱਤ ਮਹਿਸੂਸ ਹੁੰਦੀ ਹੈ। ਕੁਦਰਤ ਦੀ ਲੀਲ੍ਹਾ ਵੇਖੋ। ਵੱਖ-ਵੱਖ ਕਿਸਮ ਦੀ ਮਿੱਟੀ 'ਚ ਵੱਖ-ਵੱਖ ਕਿਸਮ ਦੇ ਰੁੱਖ ਪੈਦਾ ਹੁੰਦੇ ਹਨ। ਜਿੱਥੇ ਰੁੱਖ ਹੈ ਉੱਥੇ ਭੁੱਖ ਨਹੀਂ। ਜਿੱਥੇ ਰੁੱਖ ਹੈ ਉੱਥੇ ਰੌਣਕ ਹੈ। ਉਸ ਦੇ ਕਾਰਨ ਪਸ਼ੂ, ਪੰਛੀ, ਜੀਵ ਤੇ ਕੀੜੇ-ਮਕੌੜੇ ਆਪਣੇ ਖਾਣ ਦਾ ਸਾਧਨ ਲਭ ਲੈਂਦੇ ਹਨ।

ਰੁੱਖਾਂ ਦੀਆਂ ਸ਼ਕਲਾਂ ਵਿਭਿੰਨ-ਵਿਭਿੰਨ ਹਨ। ਇਹ ਕੁਦਰਤ ਦੀ ਕਰਾਮਾਤ ਹੈ। ਰੁੱਖਾਂ ਦੀਆਂ ਜੜ੍ਹਾਂ, ਤਣੇ, ਟਾਹਣੀਆਂ, ਪੱਤੇ, ਫੁੱਲ ਤੇ ਫਲ ਵੱਖ-ਵੱਖ ਕਿਸਮ ਦੇ ਹੁੰਦੇ ਹਨ ਜਿਵੇਂ ਮਨੁੱਖ ਦੇ ਨੈਣ-ਨਕਸ਼ ਬਣਤਰ ਪੱਖੋਂ ਵੱਖ-ਵੱਖ ਹਨ। ਇਸ ਵੱਖਰਤਾ ਦਾ ਅਨੰਦ ਮਾਨਣ ਲਈ Jean Dupuis ਦੀ ਪੁਸਤਕ Marvelleous World of Trees ਪੜ੍ਹੀ ਜਾ ਸਕਦੀ ਹੈ। ਇਕ ਹੋਰ ਪੁਸਤਕ ਵੀ ਲਾਹੇਵੰਦ ਹੋਵੇਗੀ ਰੁੱਖਾਂ ਬਾਰੇ ਗਿਆਨ ਪ੍ਰਾਪਤ ਕਰਨ ਲਈ "A Pocket Guide to Trees" ਜਿਸ ਦਾ ਲੇਖਕ ਹੈ Rutherfod Platt ।

ਆਦਤ ਬਣਾਈਏ ਕਿ ਰੁੱਖਾਂ ਬਾਰੇ ਗਿਆਨ ਹਾਸਲ ਕਰੀਏ। ਸਾਡੇ ਪੂਰਵਜਿਆਂ ਨੇ ਰੁੱਖਾਂ ਬਾਰੇ ਬਹੁਤ ਸੁੰਦਰ ਲਿਖਿਆ ਹੈ। ਜ਼ਿੰਦਗੀ ਦੇ ਗੀਤ ਵਰਗੀਆਂ ਗੱਲਾਂ, ਰੁੱਖਾਂ ਕਰਕੇ ਹੀ ਹਨ। ਸਾਡੇ ਲੋਕ-ਗੀਤਾਂ ਵਿੱਚ ਰੁੱਖਾਂ ਬਾਰੇ ਕਮਾਲ ਦੇ ਗੀਤ ਮਿਲਦੇ ਹਨ ਜਿਵੇਂ ਵੇਦਾਂ ਵਿੱਚ ਸਿਆਣਪ ਦੀਆਂ ਗੱਲਾਂ। ਰੁੱਖਾਂ ਬਾਰੇ ਉਹ ਗੀਤ, ਬਾਣੀ ਵਰਗੀ ਸੁੱਚਮਤਾ ਨਾਲ ਲਿਖੇ ਗਏ ਹਨ। ਉਹਨਾਂ ਵਿੱਚ ਮਨੁੱਖ ਤੇ ਰੁੱਖ ਦੀ ਸਾਂਝ ਸਰਬਕਾਲੀ ਹੈ। ਕਈ ਗੀਤਾਂ ਵਿੱਚ ਬਿਰਖ਼ ਬੋਲਦੇ ਤੇ ਗੱਲਾਂ ਕਰਦੇ ਜਾਪਦੇ ਹਨ। ਕਈ ਗੀਤ ਮਨੁੱਖ ਦਾ ਦੁਖ-ਸੁੱਖ ਵੰਡਾਉਂਦੇ ਲਗਦੇ ਹਨ। ਦਾਤਾਂ ਤਾਂ ਬਿਰਖ਼ ਦੇਂਦੇ ਹੀ ਆ ਰਹੇ ਹਨ ਜਿਨ੍ਹਾਂ ਦਾ ਰਿਣ ਉਤਾਰਿਆ ਹੀ ਨਹੀਂ ਜਾ ਸਕਦਾ। ਜਿਹੜੀ ਵਸਤ ਮਨੁੱਖ ਨੂੰ ਜਿਊਣ ਲਈ ਜ਼ਿੰਦਗੀ ਪ੍ਰਦਾਨ ਕਰਦੀ ਹੈ, ਉਸ ਦਾ ਮੁੱਲ ਕਿਵੇਂ ਉਤਾਰਿਆ ਜਾ ਸਕਦਾ ਹੈ।

ਧਰਤੀ ਸਾਡੀ ਮਾਂ ਹੈ, ਉਸ ਨੂੰ ਕਿਵੇਂ ਸੰਤੁਸ਼ਟ ਕਰ ਸਕਦਾ ਹੈ ਮਨੁੱਖ-ਮਿੱਟੀ ਜਾਇਆ। ਮਾਂ ਦੀ ਕੁੱਖੋਂ ਅਸੀਂ ਮਾਤਾ ਦਾ ਕਰਜ਼ਾ ਕਿਵੇਂ ਲਾਹ ਸਕਦੇ ਹਾਂ। ਸੂਰਜ ਰਾਣਾ ਸਾਰੀ ਕਾਇਨਾਤ ਨੂੰ ਜੀਵਨ ਬਖ਼ਸ਼ਦਾ ਹੈ, ਉਸ ਦੀ ਕਿਰਤੱਗਤਾ ਅੱਗੇ ਕੀ ਰੱਖ ਕੇ ਧੰਨਵਾਦ ਕੀਤਾ ਜਾ ਸਕਦਾ ਹੈ। ਇਹ ਸਭ ਲੀਲ੍ਹਾ ਅਲੌਕਿਕ ਹੈ। ਕੁਝ ਗੱਲਾਂ ਮਹਿਸੂਸ ਹੀ ਕੀਤੀਆਂ ਜਾ ਸਕਦੀਆਂ ਹਨ। ਜੋ ਸਾਨੂੰ ਕੁਝ ਵੀ ਦੇਂਦਾ ਹੈ, ਉਹ ਵੱਡਾ ਹੈ, ਦਾਨੀ ਹੈ। ਅਸੀਂ ਲੈਣ ਵਾਲੇ ਹਾਂ,

ਲੋੜਵੰਦ। ਬਿਰਖ਼ਾਂ ਦੀ ਸਾਨੂੰ ਲੋੜ ਹੈ। ਇਸ ਲਈ ਇਨ੍ਹਾਂ ਦਾ ਅਦਬ ਕਰੀਏ, ਬਿਰਖ਼ਾਂ ਦੀ ਸੁੱਖ ਲੋੜੀਏ, ਸੰਭਾਲ ਕਰੀਏ, ਇਨ੍ਹਾਂ ਦੀ ਜੜ੍ਹ ਲਾਉਣ ਦਾ ਜਤਨ ਕਰੀਏ। ਜੜ੍ਹ ਪੁੱਟਣਾ ਮਾੜੀ ਗੱਲ ਹੈ। ਸਿਰਜਣਾ ਕਰਨੀ ਚੰਗੀ ਹੈ। ਸਿਰਜਣਾ ਵਿੱਚ ਹੀ ਵਿਕਾਸ ਹੈ। ਵਿਕਾਸ ਨਾਲ ਹੀ ਅੱਗੇ ਤੁਰਿਆ ਜਾ ਸਕਦਾ ਹੈ। ਤੁਰਨ ਵਿੱਚ ਹੀ ਜ਼ਿੰਦਗੀ ਹੈ।

ਬਿਰਖ਼ ਹੈ ਤਾਂ ਮਨੁੱਖ ਹੈ,
ਬਿਰਖ਼ ਹੈ ਤਾਂ ਸੁੱਖ ਹੈ।

ਸਾਡੇ ਧਾਰਮਿਕ ਗ੍ਰੰਥਾਂ ਵਿੱਚ ਬਿਰਖ਼ਾਂ ਦੀ ਮਹਿਮਾ, ਮਨੁੱਖ ਦੇ ਜੀਵਨ-ਸੁੱਖ ਲਈ ਕੁਸ਼ਟ ਨਿਵਾਰਨ ਦੀ ਦ੍ਰਿਸ਼ਟੀ ਤੋਂ ਗਾਈ ਗਈ ਹੈ। ਕੋਈ ਜੜ੍ਹੀ-ਬੂਟੀ, ਪੌਦਾ ਤੇ ਬਿਰਖ਼ ਅਜਿਹਾ ਨਹੀਂ ਜਿਹੜਾ ਮਨੁੱਖ ਲਈ ਕਲਿਆਨਕਾਰੀ ਨਾ ਹੋਵੇ। ਮਨੁੱਖ ਨੇ ਖੋਜ ਕਰ-ਕਰ ਕੇ, ਤਜਰਬੇ ਕਰ-ਕਰ ਕੇ, ਨਿਰਖ-ਪਰਖ ਕਰ ਕੇ ਇਨ੍ਹਾਂ ਤੋਂ ਦਵਾਈਆਂ ਬਣਾਈਆਂ। ਜਰਾ ਸੋਚੋ ਤਾਂ ਸਹੀ, ਇਨ੍ਹਾਂ ਬਿਨਾਂ ਸਾਡਾ ਗੁਜ਼ਾਰਾ ਕਿਵੇਂ ਹੋ ਸਕਦਾ ਹੈ। ਗੁਰਬਾਣੀ ਵਿੱਚ ਤਾਂ ਬਿਰਖ਼ ਨੂੰ ਬਹੁਤ ਉੱਚਾ-ਸੁੱਚਾ ਦਰਜਾ ਦਿੱਤਾ ਹੈ ਜਿਸ ਨਾਲ ਸਰੀਰ ਤਾਂ ਕੀ ਆਤਮਾ ਵੀ ਤ੍ਰਿਪਤ ਹੋ ਜਾਂਦੀ ਹੈ। ਸ਼ਬਦ ਹੈ:

"ਹਰ ਜੀਓ ਅੰਮ੍ਰਿਤ ਬ੍ਰਿਖ ਹੈ।
ਜਿਨ ਪੀਆ ਤੇ ਤ੍ਰਿਪਤਾਨੀ ॥"

ਕਹਿੰਦੇ ਨੇ ਮਨੁੱਖ ਰਫ਼ਤਾਰ, ਦਸਤਾਰ ਤੇ ਗੁਫ਼ਤਾਰ ਤੋਂ ਪਛਾਣਿਆ ਜਾਂਦਾ ਹੈ। ਕਹਾਵਤ ਇਹ ਵੀ ਹੈ ਕਿ ਫਲ ਤੋਂ ਦਰਖ਼ਤ ਜਾਣਿਆ ਜਾਂਦਾ ਹੈ। ਇਸੇ ਕਰਕੇ ਸਾਡੇ ਰਾਸ਼ਟਰ ਕਵੀ ਰਾਬਿੰਦਰ ਨਾਥ ਟੈਗੋਰ ਲਿਖਦੇ ਹਨ ਕਿ ਰੁੱਖ ਨੂੰ ਭੋਂ ਨਾਲੋਂ ਵੱਖ ਕਰਨਾ, ਉਸ ਦੀ ਅਜ਼ਾਦੀ ਨਹੀਂ ਸਗੋਂ ਮੌਤ ਹੈ। ਕਿੰਨੀ ਗੰਭੀਰ ਸਥਿਤੀ ਹੈ ਕਿ ਬਿਰਖ਼ ਅਰਜ਼ ਕਰੇ ਤੇ ਮਨੁੱਖ ਉਸ ਨੂੰ ਸੁਣੇ ਵੀ ਨਾ। ਮਨੁੱਖ ਦੇ ਸੁਣਨ ਵਿੱਚ ਹੀ ਭਲਾ ਹੈ। ਸੜਕਾਂ ਨੂੰ ਹਾਈ ਵੇ ਬਣਾਉਣ ਵੇਲੇ ਸੁਹਣੇ ਬਿਰਖ਼ਾਂ ਨੂੰ ਪੁੱਟਣਾ ਪਿਆ। ਹਸ਼ਰ ਕੀ ਹੋਇਆ। ਰਾਹ ਬੇਪਛਾਣ ਹੋ ਗਏ। ਸੜਕਾਂ 'ਤੇ ਸਥਿਤ ਪਿੰਡ, ਨਗਰ ਤੇ ਸ਼ਹਿਰ ਓਪਰੇ-ਓਪਰੇ ਜਾਪਣ ਲੱਗ ਪਏ ਜਿਵੇਂ ਅਸੀਂ ਹੋਰ ਹੀ ਦੇਸ 'ਚੋਂ ਲੰਘ ਰਹੇ ਹੋਈਏ। ਉਹਨਾਂ ਸੜਕਾਂ ਦੀ ਪਛਾਣ ਬਣਨ ਵਿੱਚ ਕਿੰਨਾ ਸਮਾਂ ਲੱਗੇਗਾ, ਇਹ ਤਾਂ ਸਮਾਂ ਹੀ ਦੱਸੇਗਾ।

"ਹਰੇ ਭਰੇ ਰੁੱਖ ਜੋਬਨ-ਮੱਤੇ,
ਠੇਕੇਦਾਰਾਂ ਕੱਟ ਸੁੱਟੇ,
ਜਿਹੜੇ ਵਗਦੇ ਰਾਹਾਂ ਉੱਤੇ,
ਪਹਿਰੇਦਾਰ ਸੀ ਛਾਵਾਂ ਦੇ।"

ਬੈਠੇ-ਬੈਠੇ ਮੈਂ ਬਿਰਖ਼ ਨਾਲ ਸੰਵਾਦ ਰਚਾਉਣ ਦੀ ਕਲਪਨਾ ਕਰਨ ਲਗਦਾ ਹਾਂ:


ਮੈਂ ਬਿਰਖ਼ ਨੂੰ ਕਿਹਾ
ਕੋਈ ਨਜ਼ਮ ਸੁਣਾ, ਉਸ ਕਿਹਾ,
ਮੈਂ ਹਰਿਆਲੀ ਵੰਡਣੀ
ਰਹਿਣ ਦੇ ਮੈਨੂੰ ਤੂੰ ਹਰਾ।

ਦਾਰਸ਼ਨਿਕ-ਨੀਝ ਨਾਲ ਵੇਖਿਆ ਜਾਵੇ ਤਾਂ ਇਹ ਗੱਲ ਸਮਝ ਆਉਂਦੀ ਹੈ ਕਿ ਬਿਰਖ਼ ਕਾਗਜ਼ 'ਤੇ ਲਿਖੀ ਮਨੁੱਖ ਦੀ ਇਬਾਰਤ ਹੈ। ਮਹਾਂ-ਪੁਰਖਾਂ ਤੇ ਰਿਸ਼ੀਆਂ ਨੇ ਬਿਰਖ਼ ਨਾਲੋਂ ਆਪਣੀ ਨੇੜਤਾ ਤੇ ਸਾਂਝ ਨਹੀਂ ਤੋੜੀ। ਉਹਨਾਂ ਨੇ ਬਿਰਖ਼ਾਂ ਨੂੰ ਪੂਜਣ ਲਈ ਕੋਈ ਨਾ ਕੋਈ ਜੁਗਤ ਲੱਭੀ। ਕਿਸੇ ਨੂੰ ਦੇਵਤਾ ਦਾ ਦਰਜਾ ਦਿੱਤਾ। ਕਿਸੇ ਨੂੰ ਸਭ ਰੋਗਾਂ ਦਾ ਔਖਦ ਦੱਸਿਆ। ਕਿਸੇ ਨੂੰ ਇੱਛਾ-ਪੂਰਕ ਦਾ ਰੁਤਬਾ ਦਿੱਤਾ। ਕਿਸੇ ਨੂੰ ਸੰਤਾਨ ਦੀ ਸਿਰਜਣਾ ਦਾ ਪ੍ਰਤੀਕ ਚਿਤਵਿਆ। ਕਿਸੇ ਨੂੰ ਬ੍ਰਹਮਾ ਕਰ ਕੇ ਸਲਾਹਿਆ, ਇਤਿ ਆਦਿ। ਮੰਨਣਾ ਹੀ ਪਵੇਗਾ ਕਿ ਬਿਰਖ਼ ਜ਼ਿੰਦਗੀ ਦਾ ਗੀਤ ਹੈ।

*

# 13. ਰੁੱਖਾਂ ਰਾਹੀਂ ਪ੍ਰਕਿਰਤੀ ਦਰਸ਼ਨ

ਪਰਿਵਰਤਨ ਦੇ ਨਿਯਮਾਂ ਅਨੁਸਾਰ, ਪੰਜਾਬ ਵਿੱਚ ਚੇਤਰ ਦੇ ਮਹੀਨੇ ਵਣ-ਤ੍ਰਿਣ ਮੌਲਣ ਦੀ ਰੁੱਤ ਆਉਂਦੀ ਹੈ। ਕਹਿਰਾਂ ਦੀ ਸਰਦੀ ਤੋਂ ਬਾਅਦ ਸਾਰੀ ਕਾਇਨਾਤ ਜੋਬਨ ਦੀ ਅੰਗੜਾਈ ਲੈਂਦੀ ਹੈ। ਧਰਤੀ ਸੁਹਾਵਾ ਵੇਸ ਪਹਿਨਦੀ ਹੈ। ਕੋਸੀ-ਕੋਸੀ ਧੁੱਪ ਦਾ ਨਿੱਘ ਹਰ ਕਿਸੇ ਨੂੰ ਸਹਿਲਾਉਂਦਾ ਹੈ। ਹੁਸਨ ਖਿੜਦਾ ਹੈ। ਪ੍ਰਕਿਰਤੀ ਨੂੰ ਰੂਪ ਚੜ੍ਹਦਾ ਹੈ। ਮਨ ਮੋਹਿਆ ਜਾਂਦਾ ਹੈ।




ਇਸ ਰੁੱਤ ਨੂੰ ਬਹਾਰ ਦੀ ਰੁੱਤ ਨਾਲ ਯਾਦ ਕੀਤਾ ਜਾਂਦਾ ਹੈ। ਉਂਝ ਕਰੂੰਬਲਾਂ ਦੀ ਰੁੱਤ ਵੀ ਕਹਿਣਾ ਗ਼ਲਤ ਨਹੀਂ ਹੋਵੇਗਾ। ਇਸ ਰੁੱਤੇ ਹਰ ਬੂਟੇ ਤੇ ਬਿਰਖ਼ ਨੂੰ ਕਰੂੰਬਲਾਂ ਫੁੱਟਦੀਆਂ ਹਨ ਤੇ ਨਵਾਂ ਰੂਪ ਚੜ੍ਹਦਾ ਹੈ। ਖੇੜਾ ਆਉਂਦਾ ਹੈ। ਪੁੰਨਰ ਸੁਰਜੀਤੀ ਹੁੰਦੀ ਹੈ। ਕੋਮਲ ਕਰੂੰਬਲਾਂ, ਪਪੀਸੀਆਂ, ਕੂਲੇ-ਕੂਲੇ ਪੱਤਰ,

ਲੁਗਰੀਆਂ-ਲੁਗਰੀਆਂ ਟਹਿਣੀਆਂ ਮੌਲਦੀਆਂ ਹਨ। ਕੁਦਰਤ ਦੇ ਦਰਸ਼ਨ ਕਰ ਕੇ ਸਾਡੇ ਅੰਦਰ ਚਾਨਣ ਹੁੰਦਾ ਹੈ। ਸੁਗੰਧੜੀ ਪੌਣ ਸਾਹਾਂ 'ਚ ਘੁਲਦੀ ਹੈ। ਬਾਹਰਲਾ ਦ੍ਰਿਸ਼ ਨਵਾਂ-ਨਵਾਂ ਤੇ ਪਿਆਰਾ-ਪਿਆਰਾ ਜਾਪਣ ਲਗਦਾ ਹੈ। ਇਸ ਖ਼ੂਬਸੂਰਤੀ ਨੂੰ ਭਾਈ ਗੁਰਦਾਸ ਇੰਝ ਬਿਆਨ ਕਰਦੇ ਹਨ:

"ਜੋਤੀ ਜੋਤਿ ਜਗਾਇ ਦੀਵਾ ਬਾਲਿਆ।
ਚੰਦਨ ਵਾਸੁ ਨਿਵਾਸ ਵਣਸਪਤ ਫਾਲਿਆ॥"

ਗੁਰੂ ਨਾਨਕ ਜੀ ਤਾਂ ਕੁਦਰਤ ਤੋਂ ਬਲਿਹਾਰੇ ਜਾਂਦੇ ਹਨ। ਪ੍ਰਭ ਦੇ ਦਰਸ਼ਨ ਕੁਦਰਤ 'ਚੋਂ ਕਰਵਾਉਂਦੇ ਹਨ:

"ਬਲਿਹਾਰੀ ਕੁਦਰਤਿ ਵਸਿਆ
ਤੇਰਾ ਅੰਤੁ ਨ ਜਾਈ ਲਖਿਆ॥"

ਆਓ, ਇਸ ਰੁੱਤੇ ਰੁਝੇਵਿਆਂ 'ਚੋਂ ਸਮਾਂ ਕੱਢ ਕੇ ਕੁਝ ਕੁ ਬਿਰਖ਼ਾਂ ਨੂੰ ਮਿਲਣ ਦੀ ਖ਼ੁਸ਼ੀ ਲਈਏ। ਇਨ੍ਹਾਂ ਬਿਨਾਂ ਸਾਡਾ ਸਰਨਾ ਨਹੀਂ। ਰੁੱਖ ਤੇ ਮਨੁੱਖ, ਮਨੁੱਖ ਤੇ ਰੁੱਖ ਜਿਉਂਦੇ ਰਹਿਣ।

ਅੰਬਾਂ ਦੀ ਧਰਤੀ ਪੰਜਾਬ ਤੋਂ ਗੱਲ ਸ਼ੁਰੂ ਕਰੀਏ। ਇਸ ਰੁੱਤੇ ਅੰਬਾਂ ਨੂੰ ਬੂਰ ਪੈਂਦਾ ਹੈ। ਬੂਰ ਦੇ ਮੋਤੀਆ-ਰੰਗੇ ਗੁੱਛੇ ਸੁੰਦਰ ਲਗਦੇ ਹਨ। ਬੂਰ ਦੀ ਸੁਗੰਧੀ ਨਾਲ ਪੌਣ 'ਚ ਸੱਜਰਾਪਣ ਆਉਂਦਾ ਹੈ। ਅੰਬ ਦਾ ਬਿਰਖ਼ ਪੂਰੇ ਜੋਬਨ 'ਤੇ ਹੁੰਦਾ ਹੈ। ਉਸ ਨੂੰ ਤੱਕ ਕੇ ਪ੍ਰੋ: ਮੋਹਨ ਸਿੰਘ ਦੀ ਕਵਿਤਾ "ਇੱਕ ਬੂਟਾ ਅੰਬੀ ਦਾ, ਘਰ ਸਾਡੇ ਲੱਗਾ ਨੀਂ॥" ਯਾਦ ਆ ਜਾਂਦੀ ਹੈ। ਹੋਰ ਕਿੰਨੇ ਸਾਰੇ ਲੋਕ-ਗੀਤ ਚੇਤੇ ਆਉਣ ਲਗਦੇ ਹਨ। ਕੋਈ ਸਮਾਂ ਸੀ ਅੰਬ ਦਾ ਬੂਟਾ ਲਾਉਣਾ, ਸੰਤਾਨ ਪੈਦਾ ਕਰਨ ਜਿੰਨੀ ਮਹੱਤਤਾ ਰੱਖਦਾ ਹੁੰਦਾ ਸੀ।

ਸਿੰਬਲ ਦੇ ਸਾਰੇ ਪੱਤੇ ਝੜਨ ਪਿੱਛੋਂ, ਇਸ ਦੇ ਸੂਹੇ-ਉਨਾਭੀ ਫੁੱਲ ਤੱਕ ਕੇ ਮਨ-ਮੋਹਤ ਹੋ ਜਾਂਦਾ ਹੈ। ਸੁਰਮਈ ਟਹਿਣੀਆਂ 'ਤੇ ਖਿੜੇ ਫੁੱਲ ਅੰਬਰ ਨੂੰ ਝਾਤ ਕਰਦੇ ਜਾਪਦੇ ਹਨ। ਕੋਲੋਂ ਲੰਘਣ ਵਾਲਾ ਕੁਦਰਤ ਦਾ ਜਸ ਗਾਉਣ ਲਗਦਾ ਹੈ। ਉੱਚਾ ਲੰਮਾ ਸਿੰਬਲ ਅੱਗ ਲੂੰਹਦੇ ਫੁੱਲ।

ਡੇਕ ਦਾ ਰੁੱਖ ਭਾਵੇਂ ਬਹੁਤਾ ਵੱਡਾ ਨਹੀਂ ਹੁੰਦਾ ਪਰੰਤੂ ਇਸ ਨੂੰ ਲੱਗੇ ਕਾਸ਼ਨੀ ਚਿੱਟੇ ਫੁੱਲ ਅੱਖਾਂ ਨੂੰ ਸਕੂਨ ਦਿੰਦੇ ਨਹੀਂ ਥੱਕਦੇ। ਸ਼ਰਤ ਇਹੋ ਹੈ ਕਿ

ਤੱਕਣ ਵਾਲੇ ਕੋਲ ਵਿਹਲ ਹੋਵੇ ਅਤੇ ਤੱਕਣ-ਦ੍ਰਿਸ਼ਟੀ 'ਚ ਸੁੰਦਰਤਾ ਮਾਨਣ ਦੀ ਲੋਚਾ ਹੋਵੇ।

ਟਾਹਲੀ ਦਾ ਰੁੱਖ ਆਪਣੀ ਕੀਮਤੀ ਲੱਕੜ ਕਰ ਕੇ ਬਹੁਤ ਸਲਾਹਿਆ ਜਾਂਦਾ ਰਿਹਾ ਹੈ। ਇਸ ਦੇ ਕੂਲੇ-ਕੂਲੇ ਪੱਤੇ ਤੇ ਬਰੀਕ ਫੁੱਲੜੀਆਂ ਆਪਣੇ-ਆਪ ਇੱਕ ਸਜੀਲਾ ਦ੍ਰਿਸ਼ ਬਣਾਉਂਦੀਆਂ ਹਨ।

ਪਿੱਪਲ ਜਿਸ ਨੂੰ ਬ੍ਰਹਮਾ ਕਰ ਕੇ ਪੂਜਿਆ ਜਾਂਦਾ ਹੈ, ਇਕ ਵਡ-ਬਿਰਖ਼ ਕਰ ਕੇ ਸਾਡੀ ਸੰਸਕ੍ਰਿਤੀ ਨਾਲ ਡੂੰਘੀ ਸਾਂਝ ਰੱਖਦਾ ਹੈ। ਇਸ ਦੀਆਂ ਪਪੀਸੀਆਂ ਦੀ ਆਪਣੀ ਹੀ ਆਭਾ ਹੁੰਦੀ ਹੈ। ਇਹਨਾਂ ਪਪੀਸੀਆਂ ਨੇ ਸੰਘਣੀ ਛਾਂ ਦਾਰ ਪੱਤਿਆਂ 'ਚ ਵਟਣਾ ਹੁੰਦਾ ਹੈ, ਗਹਿਰ-ਗੰਭੀਰ ਵੇਸ ਪਾਉਣ ਲਈ।

ਸ਼ਹਿਤੂਤ ਦੇ ਤਰੋਤਾਜ਼ਾ ਗੂੜ੍ਹੇ ਹਰੇ-ਕਚੂਰ ਪੱਤੇ ਤੱਕ ਕੇ ਨਜ਼ਰਾਂ 'ਚ ਤਾਜ਼ਗੀ ਆਉਣ ਲਗਦੀ ਹੈ। ਇਸ ਤਾਜ਼ਗੀ ਨੂੰ ਮਿੱਠੇ ਮਿੱਠੇ ਸ਼ਹਿਤੂਤ ਮਿਠਾਸ ਪ੍ਰਦਾਨ ਕਰਦੇ ਜਾਪਦੇ ਹਨ। ਮੂੰਹ 'ਚ ਪਾਣੀ ਭਰ ਆਉਂਦਾ ਹੈ। ਰੇਸ਼ਮ ਦੇ ਕੀੜੇ ਲਈ ਇਸ ਦੇ ਸਾਵੇ ਪੱਤੇ ਸੰਪੂਰਨ ਖ਼ੁਰਾਕ ਬਣਦੇ ਹਨ।

ਕਿੱਕਰ ਦੀ ਸਖ਼ਤ ਲੱਕੜ ਤੇ ਇਸ ਦੇ ਕੰਡੇ, ਕੌਣ ਭੁੱਲਦਾ ਹੈ; ਪਰੰਤੂ ਇਸ ਰੁੱਤੇ ਇਹ ਬਿਰਖ਼ ਵੀ ਕੋਮਲਤਾ ਵੰਡਦਾ ਨਜ਼ਰ ਆਉਂਦਾ ਹੈ। ਇਸ ਦੀ ਸੱਜਰੀ-ਸੱਜਰੀ ਲੁੰਗ ਨੂੰ ਝੋਲੀ 'ਚ ਪਾਉਣ ਨੂੰ ਚਿੱਤ ਕਰ ਆਉਂਦਾ ਹੈ। ਕੰਡੇ ਭੁੱਲ ਜਾਂਦੇ ਹਨ। ਇਸ ਦੇ ਪੀਲੇ-ਪੀਲੇ ਗੋਲ-ਨਿੱਕੇ ਫੁੱਲਾਂ ਦਾ ਦ੍ਰਿਸ਼ ਅੱਖਾਂ ਅੱਗੇ ਆਉਣ ਲਗਦਾ ਹੈ। ਰੁੱਖੀ ਲਗਦੀ ਕਿੱਕਰ ਵੀ ਮਿਲਾਪੜੀ ਜਾਪਣ ਲਗਦੀ ਹੈ। ਹੈ ਨਾ ਕਮਾਲ, ਰੁੱਤ ਕਰੂੰਬਲਾਂ ਦੀ ਦਾ।

ਢੱਕ ਦੇ ਸਾਰੇ ਪੱਤੇ ਝੜਨ ਪਿੱਛੋਂ ਕੇਸੂ ਦੇ ਫੁੱਲ ਬਹੁਤ ਹੀ ਮਨਮੋਹਣਾ ਦ੍ਰਿਸ਼ ਪੇਸ਼ ਕਰਦੇ ਹਨ। ਜੀਅ ਕਰਦਾ ਹੈ ਕੈਮਰੇ 'ਚ ਕਲਿੱਕ ਕਰ ਕੇ ਸਾਂਭ ਲਈਏ। ਮੁੜ ਇਹ ਮੌਕਾ ਮਿਲੇ ਜਾਂ ਨਾ ਮਿਲੇ ਕਿਉਂਕਿ ਅਜਿਹੇ ਰੁੱਖ ਸਾਡੀ ਧਰਤੀ ਤੋਂ ਅਲੋਪ ਹੁੰਦੇ ਜਾ ਰਹੇ ਹਨ।

ਜੰਡ ਦਾ ਰੁੱਖ ਮਿਰਜ਼ਾ-ਸਾਹਿਬਾਂ ਦੇ ਪ੍ਰੀਤ-ਕਿੱਸੇ ਵਿੱਚ ਸਦਾ ਯਾਦ ਆਉਂਦਾ ਰਹੇਗਾ ਪਰੰਤੂ ਸਾਡੇ ਵਿੱਚੋਂ ਕਿੰਨਿਆਂ ਨੇ ਇਸ ਨੂੰ ਵੇਖਿਆ ਹੈ। ਇਸ ਦੇ ਸੰਘਣੇ ਸਰੂਪ ਨੂੰ ਤੱਕ ਕੇ ਹੀ ਮਾਣਿਆ ਜਾ ਸਕਦਾ ਹੈ। ਇਸ ਰੁੱਤੇ ਇਸ ਦਾ ਜੋਬਨ ਹੋਰ ਵੀ ਗੁੰਦਿਆ ਹੁੰਦਾ ਹੈ।

ਤੁਹਾਨੂੰ ਯਾਦ ਹੋਵੇਗਾ ਕਿ ਕਚਨਾਰ ਦੇ ਫੁੱਲ ਇਸੇ ਰੁੱਤ ਖਿੜਦੇ ਹਨ।

ਕਚਨਾਰ (ਕਚਨਾਲ) ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦੀ ਸਾਂਝ ਬੜੀ ਪੁਰਾਣੀ ਹੈ। ਇਨ੍ਹਾਂ ਦੇ ਫੁੱਲਾਂ ਦੀ ਗੱਲ ਕਰਦਿਆਂ, ਮੈਨੂੰ ਜਪਾਨੀਆਂ ਦੀ ਫੁੱਲਾਂ ਨਾਲ ਮੁਹੱਬਤ ਦੀ ਯਾਦ ਆ ਗਈ।

ਇੱਕ ਵੇਰ ਜਪਾਨ ਦਾ ਸੰਤ ਕਵੀ ਭਿਕਸ਼ੂ ਬਾਸ਼ੋ ਇੱਕ ਰਾਹ ਥੀਂ ਆਪਣੇ ਚੇਲਿਆਂ ਨਾਲ ਨਾਮ ਜਪਦਾ ਤੇ ਟੱਲੀਆਂ ਵਜਾਉਂਦਾ ਲੰਘ ਰਿਹਾ ਸੀ। ਉਸ ਰਾਹ 'ਤੇ ਚੈਰੀ ਦੇ ਫੁੱਲ ਖਿੜੇ ਹੋਏ ਸਨ। ਚੈਰੀ ਦੇ ਫੁੱਲਾਂ ਨਾਲ ਜਪਾਨੀਆਂ ਦਾ ਬਹੁਤ ਮੋਹ ਹੈ। ਇਹ ਫੁੱਲ ਹਵਾ ਚੱਲਣ ਨਾਲ ਤੇ ਉੱਚੀ ਅਵਾਜ਼ ਦੇ ਸ਼ੋਰ ਨਾਲ ਬਹੁਤ ਛੇਤੀ ਝੜ ਜਾਂਦੇ ਹਨ। ਭਿਕਸ਼ੂ ਬਾਸ਼ੋ ਨੇ ਜਦੋਂ ਚੈਰੀ ਦੇ ਫੁੱਲ ਤੱਕੇ ਤਾਂ ਉਸ ਨੇ ਝੱਟ ਬੋਲਣਾ ਬੰਦ ਕਰ ਦਿੱਤਾ ਤੇ ਟੱਲੀਆਂ ਵਜਾਉਣੀਆਂ ਬੰਦ ਕਰਵਾ ਦਿੱਤੀਆਂ। ਮਤੇ ਚੈਰੀ ਦੇ ਫੁੱਲਾਂ ਦਾ ਖਿੜਨਾ ਭੰਗ ਨਾ ਹੋ ਜਾਵੇ। ਕਿੰਨੀ-ਸੂਖ਼ਮ ਭਾਵੀ ਘਟਨਾ ਹੈ। ਕੁਦਰਤ ਦੀ ਸੁੰਦਰਤਾ ਨੂੰ ਇੰਝ ਹੀ ਮਾਣਿਆ ਜਾ ਸਕਦਾ ਹੈ। ਭਾਈ ਵੀਰ ਸਿੰਘ ਦੀ ਕਵਿਤਾ ਇਹੋ ਤਾਂ ਸੰਦੇਸ਼ ਦਿੰਦੀ ਹੈ:

"ਡਾਲੀ ਨਾਲੋਂ ਤੋੜ ਨਾ ਸਾਨੂੰ,
ਅਸਾਂ ਹੱਟ ਮਹਿਕ ਦੀ ਲਾਈ।"

ਸੱਚਮੁੱਚ ਇਸ ਰੁੱਤੇ ਹਰ ਬਿਰਖ਼-ਬੂਟੇ ਨੇ ਮਹਿਕ ਤੇ ਸੁੰਦਰਤਾ ਦੀ ਹੱਟ ਲਾਈ ਹੁੰਦੀ ਹੈ।

ਕੁਦਰਤ ਦੇ ਇਸ ਸਚਿੱਤਰ ਨਜ਼ਾਰੇ ਨੂੰ, ਗੁਰੂ ਨਾਨਕ ਜੀ ਨੇ ਬਾਰਹਮਾਹਾ ਤੁਖਾਰੀ ਵਿੱਚ ਚੇਤ ਦੇ ਮਹੀਨੇ ਦਾ ਵਰਨਣ ਕਰ ਕੇ ਇੰਝ ਸਲਾਹਿਆ ਹੈ:

"ਚੇਤ ਬਸੰਤੁ ਭਲਾ, ਭਵਰ ਸੁਹਾਵੜੇ॥
ਬਨ ਫੂਲੇ ਮੰਝ ਬਾਰਿ, ਮੈ ਪਿਰੁ ਘਰੁ ਬਾਹੁੜੈ॥
..............................................................
ਕੋਕਿਲ ਅੰਬਿ ਸੁਹਾਵੀ ਬੋਲੈ, ਕਿਉ ਦੁਖੁ ਅੰਕਿ ਸਹੀਜੈ॥
ਭਵਰੁ ਭਵੰਤਾ ਫੂਲੀ ਡਾਲੀ, ਕਿਉ ਜੀਵਾ ਮਰੁ ਮਾਏ॥"

ਪੰਜਾਬ ਦੀ ਇਸ ਸੁਹਾਣੀ ਰੁੱਤ ਦੇ ਨਜ਼ਾਰੇ ਜਾਂਦੇ ਰਾਹੀਆਂ ਨੂੰ ਅਵਾਜ਼ਾਂ ਮਾਰ ਮਾਰ ਬੁਲਾਉਂਦੇ ਲਗਦੇ ਹਨ। ਕੁਦਰਤ ਦੀ ਅਮੁੱਕ, ਅਥਾਹ, ਅਨੰਤ ਤੇ ਅਗੰਮ ਲੀਲ੍ਹਾ ਦੀ ਵਿਭਿੰਨਤਾ ਪ੍ਰੋ. ਪੂਰਨ ਸਿੰਘ ਅਲਬੇਲੇ ਕਵੀ ਨੂੰ ਮੁਗਧ ਕਰ

ਦੇਂਦੀ ਹੈ। ਉਹ ਕਾਵਿ-ਸ਼ਬਦਾਂ ਰਾਹੀਂ ਪੰਜਾਬ ਦੇ ਰੁੱਖ-ਬੂਟਿਆਂ ਦੇ ਦਰਸ਼ਨ ਕਰਾਉਂਦਾ ਹੋਇਆ ਕੂਕ ਉੱਠਦਾ ਹੈ:


"ਜੀਣ ਤੇਰੇ ਪਿੱਪਲ ਤੇ ਅੰਬ ਪਿਆਰੇ
ਜੀਣ ਤੇਰੀਆਂ ਸਦਾ ਸਾਵੀਆਂ ਬੋਹੜਾਂ
ਜੀਣ ਤੇਰੇ ਤੂਤ ਸ਼ਹਿਤੂਤ ਸਾਰੇ
ਜੀਣ ਤੇਰੀਆਂ ਬੇਰੀਆਂ
ਫਲਾਹੀਆਂ ਜੀਣ, ਕਿੱਕਰਾਂ ਜੀਣ
ਜੀਣ ਤੇਰੇ ਝਾੜ ਤੇ ਝਾੜੀਆਂ।"

ਪੰਜਾਬ ਦੇ ਹੋਰ ਰੁੱਖ ਜਿਵੇਂ ਜਾਮਣ, ਸ਼ਰੀਂਹ, ਬੋਹੜ ਆਦਿ ਇਸ ਰੁੱਤੇ ਆਪਣਾ ਨਵਾਂ ਨਿਖਾਰ ਧਾਰਦੇ ਹਨ। ਕਿੰਨੇ ਹੀ ਹੋਰ ਬਿਰਖ਼ਾਂ ਦੇ ਦਰਸ਼ਨ ਕਰ ਕੇ ਇਸ ਰੁੱਤ ਦਾ ਦੈਵੀ ਅਨੰਦ ਮਾਣਿਆ ਜਾ ਸਕਦਾ ਹੈ। ਇੱਥੇ ਤਾਂ ਕੁਝ ਬਿਰਖ਼ਾਂ ਨੂੰ ਹੀ ਮਿਲਣ ਦਾ ਜ਼ਿਕਰ ਕੀਤਾ ਹੈ। ਵੈਸਾਖ ਦੇ ਮਹੀਨੇ ਵੀ ਰੁੱਤ ਜੋਬਨ ਮੱਤੀ ਹੁੰਦੀ ਹੈ:

"ਵੈਸਾਖੁ ਭਲਾ, ਸਾਖਾ ਵੇਸ ਕਰੇ ॥"

ਕਰੂੰਬਲਾਂ ਦੀ ਰੁੱਤੇ, ਕੁਦਰਤ ਦਰਸ਼ਨ ਦੀ ਆਭਾ ਵਡਮੁੱਲੀ ਹੈ। ਇਸ ਨੂੰ ਮਾਨਣਾ ਦੈਵੀ ਅਨੰਦ ਵਰਗੀ ਪ੍ਰਾਪਤੀ ਹੈ।

*



ਮਨਮੋਹਨ ਸਿੰਘ ਦਾਊਂ

ਮਨੁੱਖ ਨੂੰ ਇੱਕ ਖੂਹ ਖੁਦਵਾਉਣ ਲਈ ਉਸਦੇ ਇਸ ਸ਼ੁਭ-ਕੰਮ ਬਦਲੇ ਸਵਰਗ ਵਿੱਚ ਉਤਨੇ ਸਾਲ ਨਿਵਾਸ ਕਰਨ ਦਾ ਫਲ ਮਿਲਦਾ ਹੈ ਜਿੰਨੀਆਂ ਉਸ ਖੂਹ ਦੇ ਪਾਣੀ ਦੀਆਂ ਬੂੰਦਾਂ। ਇੱਕ ਸਰੋਵਰ ਬਣਾਉਣਾ ਇੱਕ ਖੂਹ ਨਾਲੋਂ ਦਸ ਗੁਣਾਂ ਕਾਰਜ ਮੰਨਿਆ ਜਾਂਦਾ ਹੈ। ਇੱਕ ਝੀਲ ਬਣਾਉਣੀ ਇੱਕ ਸਰੋਵਰ ਨਾਲੋਂ ਦਸ ਗੁਣਾਂ ਵਧੇਰੇ ਸ਼ੁਭ ਮੰਨੀ ਗਈ ਹੈ। ਇੱਕ ਨੇਕ ਪੁੱਤਰ ਪੈਦਾ ਕਰਨਾ ਇੱਕ ਝੀਲ ਨਾਲੋਂ ਵੀ ਦਸ ਗੁਣਾਂ ਵਧੇਰੇ ਉਪਯੋਗੀ ਹੁੰਦਾ ਹੈ ਪਰੰਤੂ ਕੇਵਲ ਇੱਕ ਰੁੱਖ ਲਗਾਉਣਾ ਦਸ ਨੇਕ ਪੁੱਤਰਾਂ ਦੇ ਬਰਾਬਰ ਪੁੰਨ ਖੱਟਣ ਵਾਲਾ ਹੁੰਦਾ ਹੈ।

-ਮਤੱਸਿਆ ਪੁਰਾਣ

ਇਸ ਪਵਿੱਤਰ ਕਥਨ ਦੇ ਪ੍ਰਸੰਗ ਵਿੱਚ ਨਾਮਵਰ ਲੇਖਕ ਮਨਮੋਹਨ ਸਿੰਘ ਦਾਊਂ ਦੀ ਇਹ ਪੁਸਤਕ 'ਰੁੱਖਾਂ ਨਾਲ ਦੋਸਤੀ' ਬਹੁਤ ਹੀ ਪ੍ਰਭਾਵਸ਼ਾਲੀ ਰਚਨਾ ਹੈ। ਜਿੱਥੇ ਇਹ ਵੱਡੀ ਉਮਰ ਦੇ ਬੱਚਿਆਂ ਲਈ ਰੌਚਿਕ ਤੇ ਗਿਆਨ ਵਰਧਕ ਹੈ, ਉੱਥੇ ਆਮ ਪਾਠਕਾਂ ਵਿੱਚ ਵੀ ਰੁੱਖਾਂ ਪ੍ਰਤੀ ਸੰਵੇਦਨਾ ਪੈਦਾ ਕਰਨ ਵਾਲੀ ਹੈ। ਵਾਤਾਵਰਨ ਦੀ ਸ਼ੁੱਧਤਾ ਲਈ ਜਿੱਥੇ ਰੁੱਖਾਂ ਦੀ ਬਹੁਲਤਾ ਦੀ ਲੋੜ ਹੈ, ਉੱਥੇ ਲੋਕਾਂ ਨੂੰ ਰੁੱਖਾਂ ਬਾਰੇ ਜਾਗ੍ਰਤ ਕਰਨ ਲਈ ਅਜਿਹੀ ਪੁਸਤਕ ਸਮੇਂ ਦੀ ਲੋੜ ਹੈ।

ਪ੍ਰਕਾਸ਼ਕ

Forever Learning

ISBN 978-93-5068-119-0

9 789350 681190

www.unistarbooks.com

95/-